# ਰਾਜ, ਨੇਮ ਅਤੇ ਪੁਰਾਣੇ ਨੇਮ ਦੀਆਂ ਲਿਖਤਾਂ

## ਸਬਕ 1

## ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰੀਏ?

ਦਸਤਾਵੇਜ਼

thirdmill

Biblical Education. For the World. For Free.

© 2020 ਥਰਡ ਮਿਲ ਮਿਲੇਨੀਅਮ ਸੇਵਕਾਈ ਦੁਆਰਾ

ਸਾਰੇ ਹੱਕ ਰਾਖਵੇਂ, ਸਮੀਖਿਆ, ਟਿੱਪਣੀ, ਜਾਂ ਸਕਾਲਰਸ਼ਿਪ ਦੇ ਉਦੇਸ਼ਾਂ ਲਈ ਸੰਖੇਪ ਹਵਾਲਿਆਂ ਤੋਂ ਇਲਾਵਾ ਪ੍ਰਕਾਸ਼ਕ ਦੀ ਲਿਖਤੀ ਇਜਾਜ਼ਤ ਤੋਂ ਬਿਨਾਂ ਇਸ ਪ੍ਰਕਾਸ਼ਨ ਦੇ ਕਿਸੇ ਵੀ ਭਾਗ ਨੂੰ ਕਿਸੇ ਵੀ ਰੂਪ ਵਿੱਚ ਜਾਂ ਲਾਭ ਲਈ ਕਿਸੇ ਵੀ ਤਰੀਕੇ ਨਾਲ ਦੁਬਾਰਾ ਤਿਆਰ ਨਹੀਂ ਕੀਤਾ ਜਾ ਸਕਦਾ ਹੈ, ਥਰਡ ਮਿਲੇਨੀਅਮ ਮਿਨਿਸਟ੍ਰੀਜ਼, ਇੰਕ., 316 ਲਾਈਵ ਓਕਸ ਤੋਂ । Blvd., ਕੈਸਲਬੇਰੀ, ਫਲੋਰੀਡਾ 32707 ।

ਜਦੋਂ ਤੱਕ ਉਚੇਚੇ ਤੌਰ ਤੇ ਦੱਸਿਆ ਨਾ ਗਿਆ ਹੋਵੇ, ਅੰਗਰੇਜ਼ੀ ਅਨੁਵਾਦ ਵਿੱਚ ਸ਼ਾਸਤਰ ਦੇ ਸਾਰੇ ਹਵਾਲੇ ਪਵਿੱਤਰ ਬਾਈਬਲ ਇੰਗਲਿਸ਼ ਸਟੈਂਡਰਡ ਵਰਜ਼ਨ® (ESV®), ਕਾਪੀਰਾਈਟ © 2001 ਕ੍ਰਾਸਵੇ ਦੁਆਰਾ, ਗੁੱਡ ਨਿਊਜ਼ ਪਬਲਿਸ਼ਰਾਂ ਦੇ ਪ੍ਰਕਾਸ਼ਨ ਸੇਵਕਾਈ ਪਾਸੋਂ ਇਜਾਜ਼ਤ ਨਾਲ ਵਰਤੇ ਗਏ ਹਨ। ਸਾਰੇ ਹੱਕ ਰਾਖਵੇਂ।

## ਥਰਡਮਿਲ ਬਾਰੇ

1997 ਵਿੱਚ ਸਥਾਪਿਤ, ਥਰਡਮਿਲ ਇੱਕ ਗੈਰ-ਮੁਨਾਫ਼ੇ ਦੀ ਸ਼ੁਭ-ਸਮਾਚਾਰ ਕੇਂਦਰਿਤ ਮਸੀਹੀ ਸੇਵਕਾਈ ਹੈ ਜੋ ਸੇਵਾ ਕਰਨ ਲਈ ਸਮਰਪਿਤ ਹੈ:

**ਬਾਈਬਲ ਦੀ ਸਿੱਖਿਆ. ਸੰਸਾਰ ਲਈ. ਮੁਫਤ ਵਿੱਚ.**

ਸਾਡਾ ਟੀਚਾ ਦੁਨੀਆ ਭਰ ਦੇ ਹਜ਼ਾਰਾਂ ਪਾਸਬਾਨਾਂ ਅਤੇ ਮਸੀਹੀ ਆਗੂਆਂ ਨੂੰ ਮੁਫ਼ਤ ਮਸੀਹੀ ਸਿੱਖਿਆ ਨੂੰ ਦਿਵਾਉਣਾ ਹੈ ਜਿਨ੍ਹਾਂ ਕੋਲ ਸੇਵਾ ਲਈ ਜ਼ਰੂਰੀ ਸਿਖਲਾਈ ਦੀ ਘਾਟ ਹੈ। ਅਸੀਂ ਅੰਗਰੇਜ਼ੀ, ਅਰਬੀ, ਮੈਂਡਰਿਨ, ਰੂਸੀ ਅਤੇ ਸਪੈਨਿਸ਼ ਵਿੱਚ ਇੱਕ ਅਦਭੁੱਤ ਮਲਟੀਮੀਡੀਆ ਵਿਦਿਆਲਾ ਪਾਠਕ੍ਰਮ ਤਿਆਰ ਕਰਕੇ ਅਤੇ ਵਿਸ਼ਵ ਪੱਧਰ ਤੇ ਵੰਡ ਕੇ ਇਸ ਟੀਚੇ ਨੂੰ ਪੂਰਾ ਕਰ ਰਹੇ ਹਾਂ। ਸਾਡੇ ਪਾਠਕ੍ਰਮ ਦਾ ਸਾਡੇ ਸਹਿਭਾਗੀ ਸੇਵਾਵਾਂ ਰਾਹੀਂ ਇੱਕ ਦਰਜਨ ਤੋਂ ਵੱਧ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਕੀਤਾ ਜਾ ਰਿਹਾ ਹੈ। ਪਾਠਕ੍ਰਮ ਵਿੱਚ ਗ੍ਰਾਫਿਕ-ਸੰਚਾਲਿਤ ਵੀਡੀਓ, ਪ੍ਰਿੰਟ ਕੀਤੀ ਹਦਾਇਤ, ਅਤੇ ਇੰਟਰਨੈਟ ਸਰੋਤ ਸ਼ਾਮਲ ਹੁੰਦੇ ਹਨ। ਇਹ ਸਕੂਲਾਂ, ਸਮੂਹਾਂ, ਅਤੇ ਵਿਅਕਤੀਆਂ ਦੁਆਰਾ, ਔਨਲਾਈਨ ਅਤੇ ਸਿੱਖਣ ਵਾਲੇ ਭਾਈਚਾਰਿਆਂ ਵਿੱਚ ਵਰਤਣ ਲਈ ਤਿਆਰ ਕੀਤਾ ਗਿਆ ਹੈ।

ਵਰ੍ਹਿਆਂ ਦੇ ਦੌਰਾਨ, ਅਸੀਂ ਸਭ ਤੋਂ ਵਧੀਆ ਵਸਤਾਂ ਅਤੇ ਗੁਣਵੱਤਾ ਦੇ ਇਨਾਮ ਜੇਤੂ ਮਲਟੀਮੀਡੀਆ ਸਬਕ ਪੈਦਾ ਕਰਨ ਦਾ ਇੱਕ ਬਹੁਤ ਹੀ ਲਾਗਤ-ਪ੍ਰਭਾਵਸ਼ਾਲੀ ਤਰੀਕਾ ਵਿਕਸਿਤ ਕੀਤਾ ਹੈ। ਸਾਡੇ ਲੇਖਕ ਅਤੇ ਸੰਪਾਦਕ ਵੇਦ-ਸ਼ਾਸਤਰੀ ਤੌਰ ਤੇ ਸਿੱਖਿਅਤ ਸਿੱਖਿਅਕ ਹਨ, ਸਾਡੇ ਵਿਆਖਿਆਕਾਰ ਉਨ੍ਹਾਂ ਦੀਆਂ ਨਿਸ਼ਾਨਾ ਭਾਸ਼ਾਵਾਂ ਦੇ ਵੇਦ-ਸ਼ਾਸਤਰੀ ਤੌਰ ਤੇ ਸੂਝਵਾਨ ਮੂਲ ਬੋਲਣ ਵਾਲੇ ਹਨ, ਅਤੇ ਸਾਡੇ ਪਾਠਾਂ ਵਿੱਚ ਦੁਨੀਆ ਭਰ ਦੇ ਸੌ ਸਤਿਕਾਰਤ ਵਿਦਿਆਲਾ ਵਿੱਚ ਗਿਆਨੀਆਂ ਅਤੇ ਪਾਦਰੀਆਂ ਦੀ ਸੂਝ ਸ਼ਾਮਲ ਹੈ। ਇਸ ਤੋਂ ਇਲਾਵਾ, ਸਾਡੇ ਲੇਖਾ ਚਿੱਤਰੀ ਰੂਪਕਾਰ, ਚਿੱਤਰਕਾਰ, ਅਤੇ ਉਤਪਾਦਕ ਅਤਿ-ਆਧੁਨਿਕ ਉਪਕਰਨਾਂ ਅਤੇ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਸਭ ਤੋਂ ਉੱਚੇ ਉਤਪਾਦਨ ਦੇ ਮਿਆਰਾਂ ਦੀ ਪਾਲਣਾ ਕਰਦੇ ਹਨ।

ਸਾਡੇ ਵੰਡ ਟੀਚਿਆਂ ਨੂੰ ਪੂਰਾ ਕਰਨ ਲਈ, ਥਰਡਮਿਲ ਨੇ ਕਲੀਸਿਯਾਵਾਂ, ਸੈਮੀਨਾਰਾਂ, ਬਾਈਬਲ ਸਕੂਲਾਂ, ਮਿਸ਼ਨਰੀਆਂ, ਮਸੀਹੀ ਪ੍ਰਸਾਰਕਾਂ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ, ਅਤੇ ਹੋਰ ਸੰਸਥਾਵਾਂ ਨਾਲ ਰਣਨੀਤਕ ਭਾਈਵਾਲੀ ਬਣਾਈ ਹੈ। ਇਹਨਾਂ ਸਬੰਧਾਂ ਦੇ ਨਤੀਜੇ ਵਜੋਂ ਪਹਿਲਾਂ ਹੀ ਦੇਸੀ ਆਗੂਆਂ, ਪਾਦਰੀਆਂ, ਅਤੇ ਵਿਦਿਆਲਾ ਦੇ ਵਿਦਿਆਰਥੀਆਂ ਨੂੰ ਅਣਗਿਣਤ ਵੀਡੀਓ ਵਿੱਚ ਪਾਠਾਂ ਦੀ ਵੰਡ ਕੀਤੀ ਗਈ ਹੈ। ਸਾਡੀਆਂ ਵੈੱਬਸਾਈਟਾਂ ਵੰਡਣ ਦੇ ਤਰੀਕਿਆਂ ਵਜੋਂ ਵੀ ਕੰਮ ਕਰਦੀਆਂ ਹਨ ਅਤੇ ਸਾਡੇ ਪਾਠਾਂ ਨੂੰ ਪੂਰਕ ਕਰਨ ਲਈ ਵਾਧੂ ਵਸਤਾਂ ਪ੍ਰਦਾਨ ਕਰਦੀਆਂ ਹਨ, ਜਿਸ ਵਿੱਚ ਇਹ ਵਸਤਾਂ ਵੀ ਸ਼ਾਮਲ ਹੈ ਕਿ ਤੁਸੀਂ ਆਪਣਾ ਸਿੱਖਾਉਣ ਵਾਲਾ ਸਮਾਜ ਕਿਵੇਂ ਸ਼ੁਰੂ ਕਰਨਾ ਹੈ।

ਥਰਡਮਿਲ ਨੂੰ IRS ਦੁਆਰਾ 501(c)(3) ਕਾਰਪੋਰੇਸ਼ਨ ਵਜੋਂ ਮਾਨਤਾ ਪ੍ਰਾਪਤ ਹੈ। ਅਸੀਂ ਕਲੀਸਿਯਾਵਾਂ, ਬੁਨੀਆਦਾਂ, ਕਾਰੋਬਾਰਾਂ ਅਤੇ ਵਿਅਕਤੀਆਂ ਦੇ ਉਦਾਰ, ਟੈਕਸ-ਕਟੌਤੀ ਯੋਗ ਯੋਗਦਾਨਾਂ ਤੇ ਨਿਰਭਰ ਕਰਦੇ ਹਾਂ। ਸਾਡੀ ਸੇਵਾ ਬਾਰੇ ਹੋਰ ਜਾਣਕਾਰੀ ਲੈਣ ਲਈ, ਅਤੇ ਇਹ ਜਾਣਨ ਲਈ ਕਿ ਤੁਸੀਂ ਇਸ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹੋ, ਕਿਰਪਾ ਕਰਕੇ www.thirdmill.org ਤੇ ਜਾਓ।

# ਰਾਜ, ਨੇਮ ਅਤੇ ਪੁਰਾਣੇ ਨੇਮ ਦੀਆਂ ਲਿਖਤਾਂ

# ਸਬਕ 1

# ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰੀਏ

## ਵਿਸ਼ਾ ਸੂਚੀ


**ਜਾਣ-ਪਛਾਣ ........ 1**

**ਦੂਰੀ ........ 2**

ਕਾਰਨ ........ 3

ਜੈਵਿਕ ਪ੍ਰੇਰਨਾ ........ 3

ਈਸ਼ਵਰੀ ਨਿਵਾਸ ........ 5

ਕਿਸਮਾਂ ........ 6

ਧਰਮ ਸਿੱਖਿਆ ........ 6

ਸੱਭਿਆਚਾਰਕ ........ 8

ਨਿੱਜੀ ........ 9

**ਸਾਰਥਕਤਾ ........ 10**

ਯਿਸੂ ਦੀਆਂ ਸਿੱਖਿਆਵਾਂ ........ 11

ਨਕਾਰਾਤਕਮ ਟਿੱਪਣੀਆਂ ........ 11

ਸਕਾਰਾਤਮਕ ਪੁਸ਼ਟੀਆਂ ........ 17

ਪੌਲੁਸ ਦੀਆਂ ਸਿੱਖਿਆਵਾਂ ........ 19

ਨਕਾਰਾਤਮਕ ਟਿੱਪਣੀਆਂ ........ 19

ਸਕਾਰਾਤਮਕ ਪੁਸਟੀਆਂ ........ 22

**ਲਾਗੂਕਰਨ ........ 23**

ਚੁਣੌਤੀਆਂ ........ 24

ਪ੍ਰਾਚੀਨ ਸੰਸਾਰ ........ 26

ਇਤਿਹਾਸਿਕ ਘਟਨਾਕ੍ਰਮ ਦਾ ਵਿਕਾਸ ........ 26

ਸਾਡਾ ਸੰਸਾਰ ........ 28

ਸੰਬੰਧ ........ 28

ਉਹੀ ਪਰਮੇਸ਼ੁਰ ........ 29

ਉਹੀ ਸੰਸਾਰ ........ 33

ਉਹੀ ਲੋਕ ........ 34

ਘਟਨਾਕ੍ਰਮ ਦਾ ਵਿਕਾਸ ........ 38

ਯੁੱਗਾਂ ਤੇ ਆਧਾਰਿਤ ........ 38

ਸਭਿਆਚਾਰਕ ........ 40

ਨਿੱਜੀ....................................................41

**ਸਮਾਪਨ....................................................41**

**ਸਹਿਯੋਗੀ....................................................43**

**ਸ਼ਬਦਾਵਲੀ....................................................45**

# ਰਾਜ, ਨੇਮ ਅਤੇ ਪੁਰਾਣੇ ਨੇਮ ਦੀਆਂ ਲਿਖਤਾਂ

# ਸਬਕ 1

# ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰੀਏ

## ਜਾਣ-ਪਛਾਣ

ਜੇਕਰ ਅਸੀਂ ਕਿਸੇ ਰਿਵਾਇਤੀ ਯਹੂਦੀ ਅਤੇ ਮਸੀਹੀ ਪਿਛੋਕੜ ਤੋਂ ਬਿਨਾਂ ਪੁੱਛੀਏ, "ਕਿਸੇ ਨੂੰ ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰਨਾ ਚਾਹੀਦਾ ਹੈ?" ਤਾਂ ਸ਼ਾਇਦ ਜਿਆਦਾਤਰ ਲੋਕ ਅਜਿਹਾ ਕਹਿਣਗੇ: ਪੁਰਾਣਾ ਨੇਮ ਇੰਨਾ ਜਿਆਦਾ ਪੁਰਾਣਾ ਅਤੇ ਅਸੰਬੰਧਿਤ ਹੈ ਕਿ ਇਸਨੂੰ ਪੜਣ ਦਾ ਕੋਈ ਫਾਇਦਾ ਨਹੀਂ ਹੈ।" ਹੁਣ ਮਸੀਹ ਦੇ ਪੈਰੋਕਾਰਾਂ ਦੇ ਰੂਪ ਵਿੱਚ ਅਸੀਂ ਪੁਰਾਣੇ ਨੇਮ ਨੂੰ ਪਰਮੇਸ਼ੁਰ ਦੇ ਵਚਨ ਵੱਜੋਂ ਸਵੀਕਾਰ ਕਰਦੇ ਹਾਂ। ਇਹ ਪਵਿੱਤਰ ਸ਼ਾਸਤਰ ਹੈ। ਪਰ ਭਾਵੇਂ ਇਹ ਸੁਣਨ ਵਿੱਚ ਬਹੁਤ ਅਜੀਬ ਲੱਗਦਾ ਹੈ, ਜਦੋਂ ਅਸੀਂ ਮਸੀਹੀ ਨੂੰ ਪੁੱਛਦੇ ਹਾਂ, ਸਾਨੂੰ ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰਨਾ ਚਾਹੀਦਾ ਹੈ?" ਤਾਂ ਸਭ ਤੋਂ ਵਧੀਆ ਸਾਡੇ ਵਿੱਚੋਂ ਕੁਝ ਲੋਕ ਕਹਿਣਗੇ, ਜੀ ਇਸਦੇ ਵਿੱਚ ਇੱਧਰ-ਉੱਧਰ ਕੁਝ ਅਜਿਹੀਆਂ ਗੱਲਾਂ ਹਨ ਜੋ ਹੁਣ ਵੀ ਸਾਡੇ ਲਈ ਮਹੱਤਵਪੂਰਨ ਹਨ।" ਪਰ ਅਕਸਰ ਇੱਥੋਂ ਤੱਕ ਕਿ ਇਮਾਨਦਾਰ ਮਸੀਹੀ ਕਹਿੰਦੇ ਹਨ, "ਪੁਰਾਣਾ ਨੇਮ ਇੰਨਾਂ ਜਿਆਦਾ ਪੁਰਾਣਾ ਹੈ ਕਿ ਇਸਨੂੰ ਪੜਣ ਦਾ ਕੁਝ ਜਿਆਦਾ ਫਾਇਦਾ ਨਹੀਂ ਹੈ। ਤਾਂ ਫਿਰ ਅੱਜ ਮਸੀਹ ਦੇ ਪੈਰੋਕਾਰਾਂ ਨੂੰ ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰਨਾ ਚਾਹੀਦਾ ਹੈ?

ਇਹ ਸਬਕ ਸਾਡੀ *ਰਾਜ, ਨੇਮ ਅਤੇ ਪੁਰਾਣੇ ਨੇਮ ਦੀਆਂ ਲਿਖਤਾਂ* ਦੀ ਲੜੀ ਵਿੱਚ ਪਹਿਲਾ ਸਬਕ ਹੈ- ਜੋ ਇੱਕ ਅਜਿਹੀ ਲੜੀ ਹੈ ਜੋ ਪਰਮੇਸ਼ੁਰ ਦੇ ਰਾਜ ਅਤੇ ਨੇਮਾਂ ਦੇ ਵਿਸ਼ਿਆਂ ਦੇ ਬਾਰੇ ਅਤੇ ਇਸ ਗੱਲ ਦੇ ਬਾਰੇ ਪੜਚੋਲ ਕਰਦੀ ਹੈ ਕਿ ਇਹ ਵਿਸ਼ੇ ਪੁਰਾਣੇ ਨੇਮ ਦੀਆਂ ਲਿਖਤਾਂ ਦੇ ਵਿੱਚ ਕਿਵੇਂ ਲਾਗੂ ਹੁੰਦੇ ਹਨ। ਇਹ ਪਹਿਲਾ ਸਬਕ ਇੱਕ ਮਹੱਤਵਪੂਰਨ ਅਰੰਭਿਕ ਪ੍ਰਸ਼ਨ ਬਾਰੇ ਸੰਬੋਧਨ ਕਰੇਗਾ: ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰੀਏ?" ਮਸੀਹ ਦੇ ਆਧੁਨਿਕ ਸਮੇਂ ਦੇ ਪੈਰੋਕਾਰਾਂ ਨੂੰ ਬਾਈਬਲ ਦੇ ਇਸ ਭਾਗ ਵਿੱਚ ਦਿਲਚਸਪੀ ਕਿਉਂ ਵਿਖਾਉਣੀ ਚਾਹੀਦੀ ਹੈ? ਸਾਨੂੰ ਇੰਨ੍ਹਾਂ ਪ੍ਰਾਚੀਨ ਸ਼ਾਸਤਰਾਂ ਦਾ ਅਧਿਐਨ ਕਰਨ ਦੇ ਕੰਮ ਪ੍ਰਤੀ ਸਮਰਪਿਤ ਕਿਉਂ ਹੋਣਾ ਚਾਹੀਦਾ ਹੈ?

ਸਾਨੂੰ ਅਰੰਭ ਤੋਂ ਹੀ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਪੁਰਾਣੇ ਨੇਮ ਦਾ ਅਧਿਐਨ ਕਰਨਾ ਸੰਸਾਰ ਦੇ ਵਿੱਚ ਕਰਨ ਵਾਲਾ ਆਸਾਨ ਕੰਮ ਬਿਲਕੁਲ ਨਹੀਂ ਹੈ। ਇਹ ਇਸ ਲਈ ਵੀ ਚੁਣੌਤੀ ਭਰਿਆ ਹੈ ਕਿਉਂਕਿ ਪੁਰਾਣੇ ਨੇਮ ਦੀਆਂ ਲਿਖਤਾਂ ਦੀ ਤਰਤੀਬ ਦੇ ਵਿੱਚ ਬਹੁਤ ਸਾਰੀਆਂ ਕਿਤਾਬਾਂ ਹਨ, ਜੋ ਅਲੱਗ-ਅਲੱਗ ਲੇਖਕਾਂ ਦੁਆਰਾ ਲਿਖੀਆਂ ਗਈਆਂ ਹਨ, ਜਿੰਨ੍ਹਾਂ ਵਿੱਚ ਅਲੱਗ-ਅਲੱਗ ਇਤਿਹਾਸਿਕ ਹਾਲਾਤਾਂ ਦੀ ਗੱਲ ਕੀਤੀ ਗਈ ਹੈ, ਜੋ ਲੱਗਭੱਗ 1000 ਸਾਲ ਦੇ ਸਮੇਂ ਵਿੱਚ ਵਾਪਰੇ ਸਨ। ਪਰ ਜਿਵੇਂ ਅਸੀਂ ਇਸ ਲੜੀ ਦੇ ਵਿੱਚ ਵੇਖਾਂਗੇ ਕਿ ਜਦੋਂ ਅਸੀਂ ਇੱਕ ਗੱਲ ਸਮਝ ਲਵਾਂਗੇ ਤਾਂ ਅਸੀਂ ਲੰਬੀਆਂ ਛਲਾਂਗਾ ਲਗਾ ਸਕਦੇ ਹਾਂ: ਜੋ ਇਹ ਹੈ ਕਿ ਇਹ ਸਾਰੀਆਂ ਕਿਤਾਬਾਂ ਮੂਲ ਵਿਸ਼ਵਾਸਾਂ ਦੇ ਇੱਕ ਸਮੂਹ 'ਤੇ ਟਿਕੀਆਂ ਹੋਈ ਹਨ ਜੋ ਪੁਰਾਣੇ ਨੇਮ ਦੇ ਸਾਰੇ ਲੇਖਕਾਂ ਵਿੱਚ ਸਾਂਝੇ ਸਨ।

ਉਨ੍ਹਾਂ ਸਭਨਾਂ ਦਾ ਵਿਸ਼ਵਾਸ ਸੀ ਕਿ ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਆਪਣੇ ਸੰਬੰਧ ਨੂੰ ਅਜਿਹੀਆਂ ਨੀਤੀਆਂ ਦੇ ਜ਼ਰੀਏ ਸੰਚਾਲਿਤ ਕੀਤਾ ਜੋ ਉਸਨੇ ਆਪਣੇ ਨੇਮਾਂ ਦੁਆਰਾ ਸਥਾਪਿਤ ਕੀਤੀਆਂ ਸਨ। ਅਤੇ ਇਸ ਤੋਂ ਪਰੇ ਉਹ ਇਹ ਵੀ ਵਿਸ਼ਵਾਸ ਕਰਦੇ ਸਨ ਕਿ ਨੇਮਾਂ ਦੀ ਸੰਰਚਨਾ ਇਤਿਹਾਸ ਦੇ ਲਈ ਪਰਮੇਸ਼ੁਰ ਦੇ ਵੱਡੇ ਟੀਚੇ ਨੂੰ ਪੂਰਾ ਕਰਨ ਲਈ ਕੀਤੀ ਗਈ ਸੀ – ਜੋ ਸਾਰੀ ਰਚਨਾ ਨੂੰ ਉਸਦੇ ਰਾਜ ਵਿੱਚ ਮਿਲਾ ਕੇ ਉਸਨੂੰ ਮਹਿਮਾ ਦੇਣ ਦੁਆਰਾ ਹੁੰਦੀ ਹੈ। ਜਦੋਂ ਪੁਰਾਣੇ ਨੇਮ ਦੇ

ਲੇਖਕਾਂ ਨੇ ਪੁਰਾਣੇ ਨੇਮ ਦੀਆਂ ਲਿਖਤਾਂ ਦੇ ਵਿੱਚ ਵਿਸੇਸ਼ ਹਾਲਾਤਾਂ ਨੂੰ ਸੰਬੋਧਨ ਕੀਤਾ ਤਾਂ ਉਨ੍ਹਾਂ ਨੇ ਆਪਣੇ ਬੁਨਿਆਦੀ ਵਿਸ਼ਵਾਸ ਪਰਮੇਸ਼ੁਰ ਦੇ ਰਾਜ ਅਤੇ ਨੇਮ ਤੋਂ ਪ੍ਰਾਪਤ ਕੀਤਾ।

ਜਿਵੇਂ ਅਸੀਂ ਇਹ ਪ੍ਰਸ਼ਨ ਪੁੱਛਦੇ ਹਾਂ, "ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰੀਏ?" ਅਸੀਂ ਤਿੰਨ ਮੁੱਖ ਵਿਸ਼ਿਆਂ ਤੇ ਕੇਂਦਰਿਤ ਰਹਾਂਗੇ। ਪਹਿਲਾਂ, ਅਸੀਂ ਇਹ ਸਵੀਕਾਰ ਕਰਾਂਗੇ ਕਿ ਸਾਨੂੰ ਪੁਰਾਣੇ ਨੇਮ ਤੋਂ ਦੂਰੀ ਦੇ ਕਾਰਨ ਅਧਿਐਨ ਕਰਨ ਲਈ ਆਪਣੇ ਆਪ ਨੂੰ ਸਮਰਪਿਤ ਕਰਨਾ ਚਾਹੀਦਾ ਹੈ। ਦੂਸਰਾ, ਅਸੀਂ ਇਹ ਵੇਖਾਂਗੇ ਕਿ ਮਸੀਹ ਦੇ ਪੈਰੋਕਾਰਾਂ ਨੂੰ ਇਹ ਕੰਮ ਇਸ ਲਈ ਕਰਨਾ ਚਾਹੀਦਾ ਹੈ ਕਿਉਂਕਿ ਕਿਉਂਕਿ ਪੁਰਾਣੇ ਨੇਮ ਦੇ ਸ਼ਾਸਤਰ ਦਾ ਸੰਬੰਧ ਸਾਡੇ ਵਰਤਮਾਨ ਦੇ ਨਾਲ ਵੀ ਜੁੜਿਆ ਹੋਇਆ ਹੈ। ਅਤੇ ਤੀਸਰਾ, ਅਸੀਂ ਇਹ ਪੜਚੋਲ ਕਰਾਂਗੇ ਕਿ ਸਾਨੂੰ ਆਪਣੇ ਜੀਵਨਾਂ ਵਿੱਚ ਪੁਰਾਣੇ ਨੇਮ ਦੀਆਂ ਗੱਲਾਂ ਦਾ ਲਾਗੂਕਰਨ ਕਰਨ ਦੇ ਲਈ ਵੀ ਅਧਿਐਨ ਕਰਨਾ ਚਾਹੀਦਾ ਹੈ। ਆਉ ਇਸ ਅਸਲੀਅਤ ਦੇ ਨਾਲ ਸ਼ੁਰੂਆਤ ਕਰੀਏ ਕਿ ਪੁਰਾਣੇ ਨੇਮ ਦੇ ਸ਼ਾਸਤਰ ਅਕਸਰ ਸਾਨੂੰ ਬਹੁਤ ਦੂਰ ਪ੍ਰਤੀਤ ਹੁੰਦੇ ਹਨ।

## ਦੂਰੀ

ਜਦੋਂ ਬਾਈਬਲ ਦੇ ਵਿਦਿਆਰਥੀ ਪੁਰਾਣੇ ਨੇਮ ਦਾ ਅਧਿਐਨ ਕਰਨਾ ਸ਼ੁਰੂ ਕਰਦੇ ਹਨ ਤਾਂ ਉਹ ਅਕਸਰ ਇੱਕ ਸਮਾਨ ਅਤੇ ਪਹਿਲਾਂ ਤੋਂ ਹੀ ਦੱਸੇ ਜਾ ਸਕਣ ਵਾਲੇ ਅਨੁਭਵ ਵਿੱਚੋਂ ਗੁਜ਼ਰਦੇ ਹਨ। ਸਾਨੂੰ ਸਹੀ ਸਿਖਾਇਆ ਜਾਂਦਾ ਹੈ ਕਿ ਪੁਰਾਣਾ ਨੇਮ ਪਰਮੇਸ਼ੁਰ ਦਾ ਪੂਰੀ ਤਰ੍ਹਾਂ ਨਾਲ ਸਹੀ ਅਤੇ ਈਸ਼ਵਰੀ ਪ੍ਰੇਰਨਾ ਨਾਲ ਭਰਿਆ ਹੋਇਆ ਹੈ, ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਹ ਅਨੁਮਾਨ ਲਗਾਉਂਦੇ ਹਨ ਕਿ ਇੰਨ੍ਹਾਂ ਵਚਨਾਂ ਦੇ ਵਿੱਚ ਅਜਿਹੀਆਂ ਸਿੱਖਿਆਵਾਂ ਹਨ ਜਿੰਨ੍ਹਾਂ ਨੂੰ ਮਸੀਹੀ ਜੀਵਨ ਵਿੱਚ ਆਸਾਨੀ ਨਾਲ ਲਾਗੂ ਕੀਤਾ ਜਾ ਸਕਦਾ ਹੈ। ਹੁਣ, ਤੱਕ ਅਸੀਂ ਇੰਨੇ ਜਿਆਦਾ ਚੋਣਵੇਂ ਹਾਂ ਕਿ ਅਸੀਂ ਸਿਰਫ ਵੱਡੇ ਵਿਸ਼ਿਆਂ ਦੇ ਬਾਰੇ ਹੀ ਗੱਲ ਕਰਦੇ ਹਾਂ ਜਿਵੇਂ ਕਿ ਪਰਮੇਸ਼ੁਰ ਦੀਆਂ ਵਿਸ਼ੇਸ਼ਤਾਵਾਂ ਜਾਂ ਪਰਮੇਸ਼ੁਰ ਦੀਆਂ ਆਗਿਆਵਾਂ ਜਿਵੇਂ ਕਿ, "ਤੂੰ ਚੋਰੀ ਨਾ ਕਰ" ਜਾਂ "ਤੂੰ ਖੂਨ ਨਾ ਕਰ" ਅਜਿਹਾ ਜਾਪਦਾ ਹੈ ਕਿ ਅਸੀਂ ਇੱਕੋ ਜਿਹੇ ਖੇਤਰ ਵਿੱਚ ਹਾਂ। ਪਰ ਜਦੋਂ ਅਸੀਂ ਪੁਰਾਣੇ ਨੇਮ ਦਾ ਅਧਿਐਨ ਜਿਆਦਾ ਧਿਆਨਪੂਰਵਕ ਹੋ ਕੇ ਕਰਦੇ ਹਾਂ ਤਾਂ ਕੁਝ ਮਹੱਤਵਪੂਰਨ ਹੁੰਦਾ ਹੈ। ਜਦੋਂ ਅਸੀਂ ਜਿਆਦਾ ਗਹਿਰਾਈਆਂ ਵਿੱਚ ਜਾਂਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਪੁਰਾਣੇ ਨੇਮ ਦੇ ਬਹੁਤ ਸਾਰੇ ਭਾਗ ਅਜਿਹੇ ਦ੍ਰਿਸ਼ਟੀਕੋਣ ਦਿੰਦੇ ਹਨ ਜੋ ਜਾਣੇ-ਪਛਾਣੇ ਨਹੀਂ ਹੁੰਦੇ ਹਨ। ਅਸਲ ਵਿੱਚ. ਜਿੰਨੀ ਜਿਆਦਾ ਅਸੀਂ ਇਸਦੀ ਪੜਚੋਲ ਕਰਦੇ ਹਾਂ ਉਨ੍ਹਾਂ ਜਿਆਦਾ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਇੱਕ ਪ੍ਰਾਚੀਨ ਅਤੇ ਦੂਰੀ ਵਾਲੇ ਸੰਸਾਰ ਬਾਰੇ ਅਧਿਐਨ ਕਰ ਰਹੇ ਹਾਂ।

ਅਸੀਂ ਪੁਰਾਣੇ ਨੇਮ ਦੀ ਦੂਰੀ ਨੂੰ ਦੋ ਤਰੀਕਿਆਂ ਨਾਲ ਵੇਖਾਂਗੇ। ਪਹਿਲਾਂ ਅਸੀਂ ਇਸ ਦੂਰੀ ਦੇ ਕਾਰਨਾਂ ਬਾਰੇ ਗੱਲ ਕਰਾਂਗੇ - ਕਿ ਇਹ ਵਚਨ ਸਾਨੂੰ ਪਰਾਏ ਜਿਹੇ ਕਿਉਂ ਜਾਪਦੇ ਹਨ? ਅਤੇ ਦੂਸਰੇ ਨੰਬਰ ਤੇ ਅਸੀਂ ਉਸ ਦੂਰੀ ਦੀਆਂ ਕਿਸਮਾਂ ਦੀ ਗੱਲ ਕਰਾਂਗੇ ਜਿੰਨ੍ਹਾਂ ਨਾਲ ਸਾਡਾ ਸਾਹਮਣਾ ਹੁੰਦਾ ਹੈ। ਪੁਰਾਣੇ ਨੇਮ ਦੇ ਦ੍ਰਿਸ਼ਟੀਕੋਣਾਂ ਦੀਆਂ ਕਿਹੜੀਆਂ ਕਿਸਮਾਂ ਆਧੁਨਿਕ ਮਸੀਹੀ ਦੇ ਤੌਰ ਤੇ ਸਾਡੇ ਵਿਸ਼ਵਾਸ ਤੋਂ ਬਹੁਤ ਅਲੱਗ ਜਾਪਦੀਆਂ ਹਨ? ਆਉ ਸਭ ਤੋਂ ਪਹਿਲਾਂ ਸਾਡੇ ਅਤੇ ਪੁਰਾਣੇ ਨੇਮ ਵਿੱਚਕਾਰ ਦੂਰੀ ਦੇ ਕੁਝ ਮੁੱਖ ਕਾਰਨਾਂ ਵੱਲ ਝਾਤੀ ਮਾਰੀਏ।

## ਕਾਰਨ

ਘੱਟੋ ਘੱਟ ਦੋ ਅਜਿਹੇ ਤੱਥ ਹਨ ਜੋ ਸਾਨੂੰ ਅਕਸਰ ਪੁਰਾਣੇ ਨੇਮ ਤੋਂ ਦੂਰੀ ਮਹਿਸੂਸ ਕਰਨ ਦਾ ਕਾਰਨ ਬਣਦੇ ਹਨ। ਇੱਕ ਪਾਸੇ ਪਰਮੇਸ਼ੁਰ ਨੇ ਜੈਵਿਕ ਪ੍ਰੇਰਨਾ ਦੇ ਤੌਰ ਤੇ ਜਾਣੇ ਜਾਂਦੀ ਪ੍ਰਕਿਰਿਆ ਦੁਆਰਾ ਮਨੁੱਖਤਾ ਨੂੰ ਇਹ ਵਚਨ ਦਿੱਤੇ। ਅਤੇ ਦੂਸਰੇ ਪਾਸੇ, ਪਰਮੇਸ਼ੁਰ ਨੇ ਪੁਰਾਣੇ ਨੇਮ ਨੂੰ ਈਸ਼ਵਰੀ ਨਿਵਾਸ ਵਜੋਂ ਜਾਣੀ ਜਾਂਦੀ ਪ੍ਰਕਿਰਿਆ ਦੁਆਰਾ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਹੈ। ਪੁਰਾਣੇ ਨੇਮ ਦੀਆਂ ਇਹ ਵਿਸ਼ੇਸ਼ਤਾਵਾਂ ਉਨ੍ਹਾਂ ਬਹੁਤ ਸਾਰੀਆਂ ਚੁਣੌਤੀਆਂ ਦੀ ਵਿਆਖਿਆ ਕਰਦੀਆਂ ਹਨ ਜਿਸਦਾ ਸਾਹਮਣਾ ਅਸੀਂ ਬਾਈਬਲ ਦੇ ਇਸ ਭਾਗ ਦਾ ਅਧਿਐਨ ਕਰਨ ਸਮੇਂ ਕਰਦੇ ਹਾਂ।

## ਜੈਵਿਕ ਪ੍ਰੇਰਨਾ

ਪਵਿੱਤਰ ਵਚਨ ਦੀ ਈਸ਼ਵਰੀ ਪ੍ਰੇਰਨਾ ਨੂੰ ਇਤਿਹਾਸਿਕ ਸ਼ੁਭਸਮਾਚਾਰ ਆਧਾਰਿਤ ਦ੍ਰਿਸ਼ਟੀਕੋਣ ਦੇ ਆਧਾਰ ਤੇ "ਜੈਵਿਕ ਪ੍ਰੇਰਨਾ ਦੇ ਵੱਜੋਂ ਦਰਸਾਉਣਾ ਆਮ ਗੱਲ ਹੈ। ਭਾਵੇਂਕਿ ਅਸੀਂ ਪਵਿੱਤਰ ਆਤਮਾ ਦੀ ਪ੍ਰੇਰਨਾ ਵਿੱਚ ਪੂਰਨ ਭਰੋਸਾ ਰੱਖਦੇ ਹਾਂ, ਪਰ ਅਸੀਂ ਇਸ ਸ਼ਬਦਾਵਲੀ ਦਾ ਉਪਯੋਗ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਇਹ ਪ੍ਰੇਰਨਾ ਮਨੁੱਖੀ ਲੇਖਕਾਂ ਦੇ ਵਿਅਕਤੀਤਵਾਂ, ਤਜੁਰਬਿਆਂ ਅਤੇ ਇਰਾਦਿਆਂ ਤੋਂ ਵਾਂਝੀ ਨਹੀਂ ਸੀ। ਇਸ ਪ੍ਰਕਾਰ ਕਹਿਣ ਦਾ ਭਾਵ ਹੈ ਕਿ ਪਵਿੱਤਰ ਆਤਮਾ ਦੀ ਖਾਸ ਅਤੇ ਅਚੂਕ ਅਗਵਾਈ ਦੇ ਅਧੀਨ ਮਨੁੱਖੀ ਲੇਖਕਾਂ ਨੇ ਲਿਖਤ ਨੂੰ ਖੁਦ ਨਿਰਧਾਰਿਤ ਕੀਤਾ। ਬਾਈਬਲ ਕਿਸੇ ਤਰ੍ਹਾਂ ਦੀ ਯਾਂਤਰਿਕ ਪ੍ਰੇਰਨਾ ਦਾ ਨਤੀਜਾ ਨਹੀਂ ਹੈ, ਜਿਵੇਂ ਕਿ ਪਰਮੇਸ਼ੁਰ ਨੇ ਮਨੁੱਖੀ ਲੇਖਕਾਂ ਨੂੰ ਅਕਿਰਿਆਸ਼ੀਲ ਸਾਧਨਾਂ ਦੇ ਰੂਪ ਵਿੱਚ ਉਪਯੋਗ ਕੀਤਾ ਹੋਵੇ। ਨਾ ਹੀ ਬਾਈਬਲ ਕਿਸੇ ਭਾਵਨਾਤਮਕ ਪ੍ਰੇਰਨਾ ਦੁਆਰਾ ਹੋਂਦ ਵਿੱਚ ਆਈ, ਜਿਵੇਂ ਕਿ ਪਰਮੇਸ਼ੁਰ ਨੇ ਬਾਈਬਲ ਦੇ ਲੇਖਕਾਂ ਨੂੰ ਸਿਰਫ ਉਤਸ਼ਾਹਿਤ ਹੀ ਕੀਤਾ ਹੋਵੇ, ਜਿਸ ਪ੍ਰਕਾਰ ਸੰਗੀਤਕਾਰ ਜਾਂ ਗੀਤਕਾਰ "ਪ੍ਰੇਰਨਾ ਨੂੰ ਭਾਲਦੇ" ਹਨ। ਇਸ ਦੀ ਬਜਾਏ, ਪਰਮੇਸ਼ੁਰ ਨੇ ਵਚਨ ਦੀ ਸਮੱਗਰੀ ਨੂੰ ਸਾਵਧਾਨੀ ਨਾਲ ਕਾਬੂ ਕੀਤਾ ਤਾਂ ਜੋ ਇਹ ਗਲਤੀ ਰਹਿਤ ਹੋਵੇ ਅਤੇ ਇਸ ਨੂੰ ਪਰਮੇਸ਼ੁਰ ਦਾ ਬਚਨ ਕਿਹਾ ਜਾ ਸਕੇ। ਪਰ ਉਸਨੇ ਮਨੁੱਖੀ ਲੇਖਕਾਂ ਦੇ ਵਿਅਕਤੀਗਤ ਵਿਅਕਤੀਤਵਾਂ, ਤਜੁਰਬਿਆਂ ਅਤੇ ਉਦੇਸ਼ਾਂ ਦਾ ਉਪਯੋਗ ਕੀਤਾ ਤਾਂ ਕਿ ਅਸੀਂ ਪਵਿੱਤਰ ਸ਼ਾਸਤਰ ਨੂੰ ਸਹੀ ਤੌਰ ਤੇ ਪਵਿੱਤਰਾਂ ਮਨੁੱਖਾਂ ਦੇ ਸ਼ਬਦ ਕਹਿ ਸਕੀਏ।

ਪਤਰਸ ਦੁਆਰਾ 2 ਪਤਰਸ 3:15-16 ਵਿੱਚ ਪੌਲੁਸ ਦੀਆਂ ਪੱਤ੍ਰੀਆਂ ਦੇ ਬਾਰੇ ਕਹੇ ਸ਼ਬਦਾਂ ਤੇ ਧਿਆਨ ਦਿਉ। ਉੱਥੇ ਅਸੀਂ ਇਸ ਪ੍ਰਕਾਰ ਪੜ੍ਹਦੇ ਹਾਂ:

> ਅਤੇ ਸਾਡੇ ਪ੍ਰਭੁ ਦੀ ਧੀਰਜ ਨੂੰ ਮੁਕਤੀ ਸਮਝੋ ਜਿਵੇਂ ਸਾਡੇ ਪਿਆਰੇ ਭਾਈ ਪੌਲੁਸ ਨੇ ਵੀ ਓਸ ਗਿਆਨ=ਦੇ ਅਨੁਸਾਰ ਜੋ ਉਹ ਨੂੰ ਦਾਨ ਹੋਇਆ ਤੁਹਾਨੂੰ ਲਿਖਿਆ ਸੀ। ਜਿਵੇਂ ਓਨ ਆਪਣੀਆਂ ਸਾਰੀਆਂ ਪੱਤ੍ਰੀਆਂ ਵਿੱਚ ਉਨ੍ਹਾਂ ਦੇ ਵਿਖੇ ਲਿਖਿਆ ਹੈ ਅਤੇ ਉਨ੍ਹਾਂ ਵਿੱਚ ਕਈਆਂ ਗੱਲਾਂ ਦਾ ਸਮਝਣਾ ਔਖਾ ਹੈ ਜਿਨ੍ਹਾਂ ਨੂੰ ਕਚਘਰੜ ਅਤੇ ਡੋਲਣ ਵਾਲੇ ਲੋਕ ਆਪਣੀ ਬਰਬਾਦੀ ਲਈ ਮਰੋੜਦੇ ਹਨ ਜਿਵੇਂ ਓਹ ਹੋਰਨਾਂ ਲਿਖਤਾਂ ਨੂੰ ਭੀ ਕਰਦੇ ਹਨ (2 ਪਤਰਸ 3:15-16)।

ਇੰਨ੍ਹਾਂ ਆਇਤਾਂ ਦੇ ਵਿੱਚ ਪਤਰਸ ਰਸੂਲ ਇਸ ਗੱਲ ਨੂੰ ਪੱਕਿਆਂ ਕਰਦਾ ਹੈ ਕਿ ਪੌਲੁਸ ਦੀਆਂ ਪੱਤ੍ਰੀਆਂ ਪੌਲੁਸ ਨੂੰ

ਪਰਮੇਸ਼ੁਰ ਦੁਆਰਾ ਦਿੱਤੀ ਬੁੱਧ ਦੁਆਰਾ ਲਿਖੀਆਂ ਗਈਆਂ। ਦੂਸਰੇ ਸ਼ਬਦਾਂ ਵਿੱਚ ਕਹੀਏ ਤਾਂ ਪਰਮੇਸ਼ੁਰ ਨੇ ਪੌਲੁਸ ਦੀਆਂ ਪੱਤ੍ਰੀਆਂ ਨੂੰ ਪ੍ਰੇਰਨਾ ਦਿੱਤੀ ਤਾਂ ਕਿ ਉਹ ਸਿਰਫ ਮਨੁੱਖੀ ਲਿਖਤਾਂ ਹੀ ਨਾ ਹੋਣ, ਪਰ ਪਰਮੇਸ਼ੁਰ ਦੀਆਂ ਲਿਖਤਾਂ ਹੋਣ। ਪਰ ਇਸਦੇ ਨਾਲ ਹੀ ਪਤਰਸ ਇਸ ਗੱਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਇੰਨ੍ਹਾਂ ਪੱਤ੍ਰੀਆਂ ਦੇ ਵਿੱਚੋਂ ਪੌਲੁਸ ਦਾ ਵਿਅਕਤੀਤਵ ਝਲਕਦਾ ਹੈ। ਧਿਆਨ ਦਿਉ ਕਿ ਉਹ ਕਿਵੇਂ ਲਿਖਦਾ ਹੈ "ਪੌਲੁਸ ਨੇ ਵੀ ਉਸ ਗਿਆਨ ਦੇ ਅਨੁਸਾਰ ਜੋ ਉਸਨੂੰ ਦਾਨ ਹੋਇਆ ਲਿਖਿਆ।" ਇਹ ਵਚਨ ਪੌਲੁਸ ਦੀਆਂ ਹੀ ਪੱਤ੍ਰੀਆਂ ਸਨ। ਤਾਂ ਫਿਰ, ਅਸੀਂ ਦੇਖ ਸਕਦੇ ਹਾਂ ਕਿ ਪਤਰਸ ਦੇ ਦ੍ਰਿਸ਼ਟੀਕੋਣ ਤੋਂ, ਪੌਲੁਸ ਰਸੂਲ ਦੀਆਂ ਪੱਤ੍ਰੀਆਂ ਪਰਮੇਸ਼ੁਰ ਅਤੇ ਉਸ ਦੇ ਮਨੁੱਖੀ ਲੇਖਕ ਦੋਵਾਂ ਨੂੰ ਸ਼ਾਮਲ ਕਰਨ ਵਾਲੀ ਪ੍ਰਕਿਰਿਆ ਦੇ ਨਤੀਜੇ ਵਜੋਂ ਸਨ।

ਇਹੀ ਨਜ਼ਰੀਆ ਪੁਰਾਣੇ ਨੇਮ ਦੇ ਬਾਰੇ ਵੀ ਸੱਚ ਹੈ। ਇਸੇ ਕਾਰਨ ਪੁਰਾਣੇ ਨੇਮ ਦੀ ਬਿਵਸਥਾ ਨੂੰ ਸਿਰਫ ਪਰਮੇਸ਼ੁਰ ਦੀ ਹੀ ਬਿਵਸਥਾ ਨਹੀਂ ਸਗੋਂ ਮੂਸਾ ਦੀ ਬਿਵਸਥਾ ਵੀ ਕਿਹਾ ਜਾਂਦਾ ਹੈ। ਇਹ ਪਰਮੇਸ਼ੁਰ ਅਤੇ ਮੂਸਾ ਦੋਵਾਂ ਦੁਆਰਾ ਦਿੱਤੀ ਗਈ। ਇਹੀ ਕਾਰਨ ਹੈ ਕਿ ਬਹੁਤ ਸਾਰੇ ਜ਼ਬੂਰਾਂ ਨੂੰ ਦਾਊਦ ਦੇ ਜ਼ਬੂਰ ਕਿਹਾ ਜਾਂਦਾ ਹੈ। ਜੈਵਿਕ ਈਸ਼ਵਰੀ ਪ੍ਰੇਰਨਾ ਇਸ ਗੱਲ ਦੀ ਵਿਆਖਿਆ ਵੀ ਕਰਦਾ ਹੈ ਕਿ ਬਾਈਬਲ ਦੇ ਲੇਖਕਾਂ ਨੇ ਯਸਾਯਾਹ, ਯਿਰਮਿਆਹ ਅਤੇ ਦਾਨੀਏਲ ਦੇ ਬਾਰੇ ਹਵਾਲੇ ਕਿਉਂ ਦਿੱਤੇ। ਭਾਵੇਂ ਕਿ ਪਰਮੇਸ਼ੁਰ ਹੀ ਪੁਰਾਣੇ ਨੇਮ ਦਾ ਮੁੱਖ ਲੇਖਕ ਸੀ ਪਰ ਉਸਨੇ ਪਵਿੱਤਰ ਨਬੀਆਂ ਨੂੰ ਇਹ ਕਿਤਾਬਾਂ ਲਿਖਣ ਦਾ ਕੰਮ ਸੌਂਪਿਆ ਜੋ ਇਹ ਦਰਸਾਉਂਦਾ ਹੋਵੇ ਕਿ ਉਹ ਕੌਣ ਸਨ ਅਤੇ ਕਿੱਥੇ ਰਹਿੰਦੇ ਸਨ।

ਜਦੋਂ ਤੁਸੀਂ ਇਸ ਦੇ ਬਾਰੇ ਸੋਚਦੇ ਹੋ, ਤਾਂ ਇਹ ਵੇਖਣਾ ਔਖਾ ਨਹੀਂ ਹੈ ਕਿ ਬਾਈਬਲ ਦੀ ਜੈਵਿਕ ਪ੍ਰੇਰਣਾ ਸਾਨੂੰ ਪੁਰਾਣੇ ਨੇਮ ਤੋਂ ਦੂਰ ਕਿਉਂ ਕਰਦੀ ਹੈ। ਪੁਰਾਣੇ ਨੇਮ ਦੇ ਸਾਰੇ ਲੇਖਕ ਪ੍ਰਾਚੀਨ ਲੋਕ ਸਨ। ਉਹ ਪ੍ਰਾਚੀਨ ਸੰਸਾਰ ਵਿੱਚ ਪੂਰਬ ਦੇ ਨੇੜੇ ਰਹਿੰਦੇ ਸਨ ਅਤੇ, ਬਹੁਤ ਸਾਰੇ ਮਾਮਲਿਆਂ ਵਿੱਚ, ਉਹ ਉਹਨਾਂ ਦਿਨਾਂ ਦੇ ਲੋਕਾਂ ਵਾਂਗ ਹੀ ਸੋਚਦੇ ਅਤੇ ਲਿਖਦੇ ਸਨ। ਅਤੇ ਇਸ ਤੋਂ ਵੱਧ, ਪੁਰਾਣੇ ਨੇਮ ਦੇ ਲੇਖਕਾਂ ਨੇ ਮਸੀਹ ਦੇ ਆਉਣ ਤੋਂ ਪਹਿਲਾਂ ਲਿਖਿਆ ਸੀ। ਉਹਨਾਂ ਕੋਲ ਸਾਡੇ ਵਾਂਗ ਪੂਰੀ ਤਰ੍ਹਾਂ ਨਾਲ ਵਿਕਸਤ ਨਵਾਂ ਨੇਮ ਦੀ ਮਸੀਹੀ ਧਰਮ ਸਿੱਖਿਆ ਨਹੀਂ ਸੀ। ਨਤੀਜੇ ਵਜੋਂ, ਜਦੋਂ ਤੁਸੀਂ ਅਤੇ ਮੈਂ ਪੁਰਾਣੇ ਨੇਮ ਦਾ ਅਧਿਐਨ ਕਰਦੇ ਹਾਂ, ਅਸੀਂ ਛੇਤੀ ਹੀ ਇਹ ਦੇਖਣਾ ਸ਼ੁਰੂ ਕਰਦੇ ਹਾਂ ਕਿ ਪੁਰਾਣੇ ਨੇਮ ਦੀ ਦੁਨੀਆਂ ਸਾਡੇ ਆਧੁਨਿਕ ਸੰਸਾਰ ਤੋਂ ਬਹੁਤ ਵੱਖਰੀ ਸੀ।

> **ਪੁਰਾਣੇ ਨੇਮ ਦੇ ਯਹੂਦੀ 600 ਤੋਂ ਵੱਧ ਲੇਵੀਆਂ ਦੀ ਬਿਵਸਥਾ ਦੁਆਰਾ ਜੀ ਰਹੇ ਸਨ ਜੋ ਉਨ੍ਹਾਂ ਦੇ ਜੀਵਨਾਂ ਦੇ ਸਾਰੇ ਪਹਿਲੂਆਂ ਜਿਵੇਂ ਨੈਤਿਕ, ਦੀਵਾਨੀ, ਆਤਮਿਕ ਨੂੰ ਚਲਾਉਂਦੇ ਸਨ ਜਿਸ ਰਾਂਹੀ ਔਰਤਾਂ ਅਤੇ ਮਰਦਾਂ, ਜਾਨਵਰਾਂ, ਖੇਤੀਬਾੜੀ ਅਤੇ ਪਰਬਾਂ ਦੇ ਸੰਬੰਧਾਂ ਨੂੰ ਚਲਾਇਆ ਜਾਂਦਾ ਸੀ...। ਇਸ ਲਈ ਇਹ ਸਾਰੇ ਮੁੱਦੇ ਸਾਡੀ ਵਿਆਖਿਆ ਅਤੇ ਅਰਥ ਕਰਨ ਦੇ ਲਈ ਬਹੁਤ ਜਰੂਰੀ ਹਨ ਅਤੇ ਇਸਦੇ ਨਾਲ ਹੀ ਸਾਨੂੰ ਈਸਾ ਪੂਰਵ ਦੇ ਯੁੱਗ ਵਿੱਚ ਇੱਕਵੀਂ ਸਦੀ ਦਾ ਯੁੱਗ ਮਿਲਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ।**
>
> — **ਡਾ. ਥਾਡੇਉਸ ਜੇ. ਜੇਮਸ ਜੇ.ਆਰ**

ਬਾਈਬਲ ਦੇ ਲੇਖਕਾਂ ਦੀ ਜੈਵਿਕ ਪ੍ਰੇਰਨਾ ਦੁਆਰਾ ਤਿਆਰ ਕੀਤੀਆਂ ਚੁਣੌਤੀਆਂ ਦੇ ਨਾਲ-ਨਾਲ ਸਾਨੂੰ ਪੁਰਾਣੇ ਨੇਮ ਤੋਂ ਦੂਰੀ ਦਾ ਅਹਿਸਾਸ ਹੋਣ ਦੇ ਦੂਸਰੇ ਕਾਰਨ ਨੂੰ ਵੀ ਸਮਝਣਾ ਚਾਹੀਦਾ ਹੈ ਜੋ ਕਿ ਈਸ਼ਵਰੀ ਨਿਵਾਸ ਹੈ।

## ਈਸ਼ਵਰੀ ਨਿਵਾਸ

ਖੁੱਲ ਕੇ ਗੱਲ ਕਰੀਏ ਤਾਂ, "ਨਿਵਾਸ" ਇੱਕ ਅਜਿਹਾ ਸ਼ਬਦ ਹੈ ਜੋ ਧਰਮ-ਸ਼ਾਸਤਰੀ ਇਸ ਤੱਥ ਦੀ ਵਿਆਖਿਆ ਕਰਨ ਦੇ ਸਮੇਂ ਵਰਤਦੇ ਹਨ ਕਿ ਹਰ ਵਾਰ ਜਦੋਂ ਪਰਮੇਸ਼ੁਰ ਆਪਣੇ ਆਪ ਨੂੰ ਮਨੁੱਖਤਾ ਲਈ ਪ੍ਰਗਟ ਕਰਦਾ ਹੈ, ਤਾਂ ਉਹ ਸਾਡੇ ਨਾਲ ਸੀਮਤ ਮਨੁੱਖੀ ਸ਼ਬਦਾਂ ਵਿੱਚ ਗੱਲ ਕਰਦਾ ਹੈ। ਕਿਉਂਕਿ ਪਰਮੇਸ਼ੁਰ ਅਲੌਕਿਕ ਅਤੇ ਸਮਝ ਤੋਂ ਬਾਹਰ ਹੈ, ਜਦੋਂ ਵੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਉਹ ਸਾਡੇ ਲਈ ਅਜਿਹੇ ਤਰੀਕਿਆਂ ਨਾਲ ਨਿਮਰਤਾ ਪ੍ਰਗਟ ਕਰਦਾ ਹੈ ਜਿਸ ਨੂੰ ਸੀਮਤ ਮਨੁੱਖ ਸਮਝ ਸਕਦੇ ਹਨ। ਨਹੀਂ ਤਾਂ, ਅਸੀਂ ਉਸਨੂੰ ਬਿਲਕੁਲ ਵੀ ਨਹੀਂ ਸਮਝ ਸਕਾਂਗੇ। ਤੁਹਾਨੂੰ ਯਾਦ ਹੋਵੇਗਾ ਕਿ ਯਸਾਯਾਹ 55:8-9 ਵਿਚ ਅਸੀਂ ਇਹ ਸ਼ਬਦ ਪੜ੍ਹਦੇ ਹਾਂ:

> ਕਿਉਂ ਜੋ ਮੇਰੇ ਖਿਆਲ ਤੁਹਾਡੇ ਖਿਆਲ ਨਹੀਂ, ਨਾ ਤੁਹਾਡੇ ਰਾਹ ਮੇਰੇ ਰਾਹ ਹਨ, ਯਹੋਵਾਹ ਦਾ ਵਾਕ ਹੈ। ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ,ਅਤੇ ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ (ਯਸਾਯਾਹ 55:8-9)।

ਪਰਮੇਸ਼ੁਰ ਦੇ ਵਿਚਾਰ ਅਤੇ ਰਾਹ ਬਹੁਤ ਉੱਚੇ ਹਨ – ਉਹ ਸਾਡੇ ਵਿਚਾਰਾਂ ਤੋਂ ਇੰਨੇ ਅਪਰੰਪਾਰ ਹਨ ਕਿ ਹਰੇਕ ਪ੍ਰਕਾਸ਼ ਨੂੰ ਮਨੁੱਖੀ ਸੀਮਿਤਾਵਾਂ ਦੇ ਅਨੁਸਾਰ ਢਾਲਿਆ ਗਿਆ ਹੈ। ਉਸਨੇ ਅਜਿਹਾ ਇਸ ਲਈ ਕੀਤਾ ਤਾਂ ਘੱਟੋ-ਘੱਟ ਸਾਡੇ ਵਿੱਚੋਂ ਕੁਝ ਲੋਕ ਉਸਦੇ ਪ੍ਰਕਾਸ਼ ਨੂੰ ਸਮਝ ਕੇ ਉਸਦੇ ਅਨੁਸਾਰ ਚੱਲ ਸਕਣ।

ਹੁਣ, ਇਹ ਸਮਝਣਾ ਮਹੱਤਵਪੂਰਨ ਹੈ ਕਿ ਪੁਰਾਣੇ ਨੇਮ ਵਿੱਚ ਪਰਮੇਸ਼ੁਰ ਨੇ ਆਪਣੇ ਆਪ ਨੂੰ ਇੱਕ ਵਿਆਪਕ, ਆਮ ਅਰਥਾਂ ਵਿੱਚ ਮਨੁੱਖਤਾ ਦੀਆਂ ਸੀਮਾਵਾਂ ਵਿੱਚ ਸ਼ਾਮਲ ਨਹੀਂ ਕੀਤਾ ਸੀ। ਇਸ ਦੀ ਬਜਾਇ, ਉਸਨੇ ਆਪਣੇ ਆਪ ਨੂੰ ਪ੍ਰਾਚੀਨ ਨਜ਼ਦੀਕੀ ਪੂਰਬ ਵਿੱਚ ਰਹਿੰਦੇ ਇਸਰਾਏਲ ਦੀਆਂ ਖਾਸ ਇਤਿਹਾਸਕ ਸਥਿਤੀਆਂ ਵਿੱਚ ਵੀ ਸ਼ਾਮਲ ਕੀਤਾ। ਉਸ ਨੇ ਪੁਰਾਣੇ ਨੇਮ ਦੇ ਸ਼ਾਸਤਰਾਂ ਨੂੰ ਸਭ ਤੋਂ ਪਹਿਲਾਂ, ਪ੍ਰਾਚੀਨ ਇਸਰਾਏਲੀਆਂ ਦੁਆਰਾ ਸਮਝਣ ਲਈ ਤਿਆਰ ਕੀਤਾ ਸੀ।

ਕਿਉਂਕਿ ਪੁਰਾਣੇ ਨੇਮ ਦੇ ਮੁੱਢਲੇ ਸ੍ਰੋਤੇ ਪ੍ਰਾਚੀਨ ਯਹੂਦੀ ਸਨ, ਇਸ ਲਈ ਪਰਮੇਸ਼ੁਰ ਨੇ ਪੁਰਾਣੇ ਨੇਮ ਨੂੰ ਇਬਰਾਨੀ ਅਤੇ ਆਰਾਮੀ ਦੇ ਵਿੱਚ ਲਿਖਵਾਇਆ। ਪਰਮੇਸ਼ੁਰ ਨੇ ਦਸ ਹੁਕਮ ਪੱਥਰਾਂ ਤੇ ਦਿੱਤੇ ਕਿਉਂਕਿ ਇਹ ਮਹੱਤਵਪੂਰਨ ਰਾਸ਼ਟਰੀ ਦਸਤਾਵੇਜਾਂ ਅਤੇ ਸ਼ਾਹੀ ਕਾਨੂੰਨਾਂ ਨੂੰ ਇਸ ਪ੍ਰਕਾਰ ਪੇਸ਼ ਕੀਤੇ ਜਾਣ ਦਾ ਉਸ ਸਮੇਂ ਦਾ ਅੰਤਰਰਾਸ਼ਟਰੀ ਰਿਵਾਜ਼ ਸੀ। ਅਤੇ ਪੁਰਾਣੇ ਨੇਮ ਦੀਆਂ ਵਾਰਤਾਵਾਂ, ਕਾਵਿ, ਬੁੱਧ ਲਿਖਤਾਂ ਅਤੇ ਬਿਵਸਥਾਵਾਂ ਵਿੱਚ ਕਈ ਅਜਿਹੀਆਂ ਗੱਲਾਂ ਹਨ ਜੋ ਉਸ ਸਮੇਂ ਵਿੱਚ ਨੇੜੇ ਦੇ ਪੂਰਬ ਵਿੱਚ ਪਾਏ ਜਾਂਦੇ ਸਨ। ਇਸ ਤਰ੍ਹਾਂ ਦੇ ਹੋਰ ਕਈ ਤਰੀਕਿਆਂ ਦੁਆਰਾ ਪਰਮੇਸ਼ੁਰ ਨੇ ਪੁਰਾਣੇ ਨੇਮ ਨੂੰ ਉਸਦੇ ਪ੍ਰਾਚੀਨ ਲੋਕਾਂ ਅਨੁਸਾਰ ਢਾਲਿਆ।

ਇਸ ਕਾਰਨ ਜਦੋਂ ਮੈਂ ਅਤੇ ਤੁਸੀਂ ਇੱਕੀਵੀਂ ਸਦੀਂ ਦੇ ਲੋਕਾਂ ਦੇ ਤੌਰ ਤੇ ਪੁਰਾਣੇ ਨੇਮ ਦਾ ਅਧਿਐਨ ਕਰਦੇ ਹਾਂ, ਤਾਂ ਅਸੀਂ ਲਗਾਤਾਰ ਇਸ ਗੱਲ ਦਾ ਸਾਹਮਣਾ ਕਰਦੇ ਹਾਂ ਕਿ ਪਰਮੇਸ਼ੁਰ ਨੇ ਬਹੁਤ ਸਮਾਂ ਪਹਿਲਾਂ ਆਪਣੇ ਲੋਕਾਂ ਵਿੱਚ ਨਿਵਾਸ ਕੀਤਾ। ਇਹ ਮੁੱਢਲੇ ਰੂਪ ਵਿੱਚ ਪ੍ਰਾਚੀਨ ਇਸਰਾਏਲ ਦੇ ਲੋਕਾਂ ਨੂੰ ਸੰਬੋਧਨ ਕਰਨ ਲਈ ਲਿਖਿਆ ਗਿਆ ਸੀ।

**ਬਾਈਬਲ ਦੀ ਹਰੇਕ ਕਿਤਾਬ ਕਿਸੇ ਮੂਲ ਸ੍ਰੋਤੇ ਦੇ ਲਈ ਲਿਖੀ ਗਈ ਸੀ ਅਤੇ ਅਸੀਂ 21ਵੀਂ ਸਦੀ ਦੇ ਲੋਕ ਇਸਦੇ ਮੂਲ ਸ੍ਰੋਤੇ ਨਹੀਂ ਹਾਂ। ਮੇਰੇ ਖਿਆਲ ਵਿੱਚ ਇਹ ਸਮਝਣਾ ਦਿਲਚਸਪ ਅਤੇ ਸਹਾਇਤਾ ਦਾਇਕ ਹੈ ਕਿ ਨਵੇਂ ਨੇਮ ਦੀਆਂ ਜਿਆਦਾਤਰ ਕਿਤਾਬਾਂ ਪੱਤ੍ਰੀਆਂ ਜਾਂ ਚਿੱਠੀਆਂ ਹਨ, ਇਸ ਲਈ ਜਦੋਂ ਅਸੀਂ ਉਨ੍ਹਾਂ ਪੱਤ੍ਰੀਆਂ ਨੂੰ ਪੜਦੇ ਹਾਂ- ਤਾਂ ਤੁਸੀਂ ਦੱਸ ਸਕਦੇ ਹੋ ਕਿ ਤੁਸੀਂ ਕਿਸੇ ਹੋਰ ਵਿਅਕਤੀ ਦੀ ਚਿੱਠੀ ਪੜ ਰਹੇ ਹਾਂ। ਇਹ ਸਾਡੇ ਲਈ ਹਨ ਕਿਉਂਕਿ ਅਸੀਂ ਕਲੀਸਿਆ ਦਾ ਭਾਗ ਹਾਂ ਪਰ ਉਹ ਪਹਿਲਾਂ ਮੂਲ ਸ੍ਰੋਤਿਆਂ ਨੂੰ ਲਿਖੀਆਂ ਗਈਆਂ ਸਨ।**

**— ਡਾ. ਰੋਬਰਟ ਮੈਕਵਾਨ**

ਹੁਣ ਜਦੋਂ ਅਸੀਂ ਪੁਰਾਣੇ ਨੇਮ ਦੀ ਸਾਡੇ ਤੋਂ ਦੂਰੀ ਦੇ ਕੁਝ ਕਾਰਨਾਂ ਨੂੰ ਦੇਖਿਆ ਹੈ, ਸਾਨੂੰ ਆਪਣੇ ਦੂਜੇ ਵਿਸ਼ੇ ਵੱਲ ਮੁੜਨਾ ਚਾਹੀਦਾ ਹੈ: ਦੂਰੀ ਦੀਆਂ ਕਿਸਮਾਂ ਜਾਂ ਕਿਸਮਾਂ ਜੋ ਅਸੀਂ ਅਕਸਰ ਆਪਣੇ ਅਤੇ ਪੁਰਾਣੇ ਨੇਮ ਦੇ ਵਿਚਕਾਰ ਲੱਭਦੇ ਹਾਂ। ਪੁਰਾਣੇ ਨੇਮ ਵਿੱਚ ਸਾਨੂੰ ਅਜਿਹੀਆਂ ਕਿਹੜੀਆਂ ਚੀਜ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਸਾਡੇ ਲਈ ਪਰਾਈਆਂ ਲੱਗਦੀਆਂ ਹਨ?

## ਕਿਸਮਾਂ

ਇਸ ਗੱਲ ਨੂੰ ਸਵੀਕਾਰ ਕਰਨਾ ਚੰਗਾ ਹੈ ਕਿ ਪੁਰਾਣਾ ਨੇਮ ਅਕਸਰ ਲੋਕਾਂ ਨੂੰ ਪਰਾਇਆ ਪ੍ਰਤੀਤ ਹੁੰਦਾ ਹੈ। ਪਰ ਇਹ ਸੱਚ ਉਲਝਣ ਵਿੱਚ ਵੀ ਪਾ ਸਕਦਾ ਹੈ ਅਤੇ ਇੱਥੋਂ ਤੱਕ ਕਿ ਇਹ ਸਾਨੂੰ ਬਾਈਬਲ ਦੇ ਇਸ ਹਿੱਸੇ ਦਾ ਅਧਿਐਨ ਕਰਨ ਤੋਂ ਨਿਰਾਸ਼ ਵੀ ਕਰ ਸਕਦਾ ਹੈ। ਅਜਿਹੀ ਨਿਰਾਸ਼ਾ ਤੋਂ ਬਚਣ ਦਾ ਇੱਕ ਤਰੀਕਾ ਪੁਰਾਣੇ ਨੇਮ ਦੀਆਂ ਉਨ੍ਹਾਂ ਕਿਸਮਾਂ ਤੋਂ ਜਾਣੂ ਹੋਣਾ ਹੈ ਜੋ ਸਾਨੂੰ ਅਜਿਹਾ ਮਹਿਸੂਸ ਕਰਾਉਂਦੀਆਂ ਹਨ। ਜਦੋਂ ਅਸੀਂ ਉਸ ਦੂਰੀ ਦੀਆਂ ਕਿਸਮਾਂ ਨੂੰ ਜਾਣਦੇ ਹਾਂ ਜਿੰਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਾਂ, ਤਾਂ ਅਸੀਂ ਇੰਨ੍ਹਾਂ ਵਚਨਾਂ ਨੂੰ ਆਪਣੇ ਜੀਵਨਾਂ ਵਿੱਚ ਲਾਗੂ ਕਰਨ ਦੇ ਲਈ ਸਹੀ ਢੰਗ ਨਾਲ ਤਿਆਰ ਹੋ ਜਾਵਾਂਗੇ।

ਪੁਰਾਣੇ ਨੇਮ ਅਤੇ ਸਾਡੇ ਵਿੱਚਕਾਰ ਦੂਰੀ ਦੀਆਂ ਮੁੱਖ ਕਿਸਮਾਂ ਨੂੰ ਪਹਿਚਾਣਨ ਦੇ ਬਹੁਤ ਸਾਰੇ ਤਰੀਕੇ ਹਨ, ਪਰ ਆਪਣੇ ਮਕਸਦ ਦੇ ਲਈ ਅਸੀਂ ਸਿਰਫ਼ ਤਿੰਨ ਕਿਸਮਾਂ ਦੀ ਗੱਲ ਕਰਾਂਗੇ: ਪਹਿਲਾ, ਧਰਮ ਸਿੱਖਿਆ ਦੀ ਦੂਰੀ, ਦੂਸਰਾ ਸੱਭਿਆਚਾਰਕ ਦੂਰੀ, ਅਤੇ ਤੀਸਰਾ ਨਿੱਜੀ ਦੂਰੀ। ਇਹ ਤਿੰਨ ਤਰ੍ਹਾਂ ਦੀਆਂ ਦੂਰੀਆਂ ਕਈ ਪਹਿਲੂਆਂ ਤੋਂ ਇੱਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ। ਪਰ ਚਰਚਾ ਦੇ ਕਾਰਨ ਅਸੀਂ ਉਨ੍ਹਾਂ ਨੂੰ ਇੱਕ-ਇੱਕ ਕਰਕੇ ਵੇਖਾਂਗੇ, ਅਸੀਂ ਧਰਮ ਸਿੱਖਿਆ ਦੀ ਦੂਰੀ ਤੋਂ ਅਰੰਭ ਕਰਾਂਗੇ ਜਿਸਦਾ ਸਾਹਮਣਾ ਅਸੀਂ ਪੁਰਾਣੇ ਨੇਮ ਦਾ ਅਧਿਐਨ ਕਰਨ ਦੇ ਸਮੇਂ ਕਰਦੇ ਹਾਂ।

### ਧਰਮ ਸਿੱਖਿਆ

ਜਦੋਂ ਅਸੀਂ ਧਰਮ ਸਿੱਖਿਆ ਦੀ ਦੂਰੀ ਦੀ ਗੱਲ ਕਰਦੇ ਹਾਂ, ਤਾਂ ਅਸੀਂ ਮੁੱਢਲੇ ਤੌਰ ਤੇ ਪੁਰਾਣੇ ਨੇਮ ਦੇ ਲੇਖਕਾਂ ਨੂੰ ਮਿਲੇ ਪ੍ਰਕਾਸ਼ ਅਤੇ ਮਸੀਹ ਦੇ ਵਿੱਚ ਸਾਨੂੰ ਮਿਲੇ ਸੰਪੂਰਨ ਪ੍ਰਕਾਸ਼ ਵਿਚਕਾਰਲੇ ਅੰਤਰ ਦੀ ਗੱਲ ਕਰ ਰਹੇ ਹੁੰਦੇ ਹਾਂ। ਹਰੇਕ

ਮਸੀਹੀ ਇਸ ਗੱਲ ਨੂੰ ਜਾਣਦਾ ਹੈ ਕਿ ਪੁਰਾਣਾ ਨੇਮ ਅਜਿਹੀ ਧਾਰਮਿਕ ਸਿੱਖਿਆ ਨੂੰ ਪੇਸ਼ ਕਰਦਾ ਹੈ ਜੋ ਪਹਿਲੇ ਪਹਿਲ ਨਵੇਂ ਨੇਮ ਦੀ ਸਿੱਖਿਆ ਨਾਲ਼ ਜਿਆਦਾ ਮੇਲ ਨਹੀਂ ਖਾਂਦਾ। ਕੁਝ ਉਦਾਹਰਨਾਂ ਦੇ ਬਾਰੇ ਵਿਚਾਰ ਕਰੋ।

ਉਤਪਤੀ 22 ਦੇ ਵਿੱਚ ਪਰਮੇਸ਼ੁਰ ਨੇ ਅਬਰਾਹਾਮ ਨੂੰ ਆਪਣੇ ਪੁੱਤਰ ਦਾ ਬਲੀਦਾਨ ਕਰਨ ਦੇ ਲਈ ਬੁਲਾਇਆ, ਅਤੇ ਪਰਮੇਸ਼ੁਰ ਨੇ ਉਸਨੂੰ ਅਜਿਹਾ ਕਰਨ ਦੀ ਇੱਛਾ ਰੱਖਣ ਦੇ ਕਾਰਨ ਬਰਕਤ ਦਿੱਤੀ। ਪਰ ਜੇਕਰ ਅੱਜ ਪਰਮੇਸ਼ੁਰ ਕਿਸੇ ਨੂੰ ਉਸਦਾ ਪੁੱਤਰ ਬਲੀਦਾਨ ਕਰਨ ਲਈ ਬੁਲਾਉਂਦਾ ਹੈ ਤਾਂ ਅਸੀਂ ਉਸਦੇ ਬਾਰੇ ਕੀ ਸੋਚਾਂਗੇ? ਅਸੀਂ ਅਜਿਹੇ ਧਾਰਮਿਕ ਸਿੱਖਿਆ ਦੇ ਦਾਅਵੇ ਨੂੰ ਗੰਭੀਰਤਾ ਨਾਲ ਵੀ ਨਹੀਂ ਲਵਾਂਗੇ।

ਮੂਸਾ ਦੇ ਦਿਨਾਂ ਵਿੱਚ, ਪਰਮੇਸ਼ੁਰ ਨੇ ਉਮੀਦ ਕੀਤੀ ਕਿ ਵਫ਼ਾਦਾਰ ਲੋਕ ਇੱਕ ਮਹਾਂ ਸੈਨਾ ਦੇ ਰੂਪ ਵਿੱਚ ਮਿਸਰ ਤੋਂ ਵਾਇਦਾ ਕੀਤੀ ਹੋਈ ਧਰਤੀ ਵੱਲ ਕੂਚ ਕਰਨ। ਪਰ ਜੇਕਰ ਅਸੀਂ ਕਿਸੇ ਅਜਿਹੇ ਮਸੀਹੀ ਸਮੂਹ ਨੂੰ ਮਿਲਦੇ ਹਾਂ ਜੋ ਸੀਨਈ ਦੀ ਉਜਾੜ ਦੇ ਵਿੱਚੋਂ ਦੀ ਹੁੰਦਾ ਹੋਇਆ ਵਾਇਦਾ ਕੀਤੀ ਹੋਈ ਧਰਤੀ ਵੱਲ ਜਾ ਰਿਹਾ ਹੋਵੇ ਤਾਂ ਸਾਨੂੰ ਇਹ ਬਹੁਤ ਅਜੀਬ ਲੱਗੇਗਾ।

ਪੁਰਾਣੇ ਨੇਮ ਦੇ ਵਿੱਚ ਅਸੀਂ ਅਜਿਹੇ ਮਨੁੱਖਾਂ ਨੂੰ ਮਿਲਦੇ ਹਾਂ ਜੋ ਨਜੀਰ ਹੋਣ ਦੀ ਸੌਂਹ ਖਾਂਦੇ ਹਨ ਜਿਸ ਵਿੱਚ ਉਹ ਆਪਣੇ ਵਾਲ ਨਹੀਂ ਕਟਵਾਉਂਦੇ। ਜਾਂ ਅਸੀਂ ਪੜਦੇ ਹਾਂ ਕਿ ਪਰਮੇਸ਼ੁਰ ਨੇ ਯਰੂਸ਼ਲਮ ਦੇ ਵਿੱਚ ਹੈਕਲ ਨੂੰ ਹੀ ਇੱਕ ਅਜਿਹੇ ਸਥਾਨ ਵੱਜੋਂ ਠਹਿਰਾਇਆ ਜਿੱਥੇ ਲੋਕ ਅਰਾਧਨਾ ਕਰਨਗੇ। ਅਸੀਂ ਪੜਦੇ ਹਾਂ ਕਿ ਪਰਮੇਸ਼ੁਰ ਦੀ ਮੰਗ ਸੀ ਕਿ ਉਸਦੇ ਲੋਕ ਪਾਪਾਂ ਦੀ ਮਾਫੀ ਦੇ ਲਈ ਜਾਨਵਰਾਂ ਦਾ ਬਲੀਦਾਨ ਚੜਾਉਣ, ਅਤੇ ਉਸਨੇ ਕਨਾਨੀ ਸ਼ਹਿਰਾਂ ਦੇ ਸੰਪੂਰਨ ਵਿਨਾਸ਼ ਦਾ ਹੁਕਮ ਦਿੱਤਾ, ਜਿਸ ਵਿੱਚ ਇਸਤਰੀਆਂ ਅਤੇ ਬੱਚੇ ਵੀ ਸ਼ਾਮਿਲ ਸਨ।

ਕੀ ਅਸੀਂ ਸਾਰੇ ਥੋੜੇ ਜਿਹੇ ਉਲਝਣ ਵਿੱਚ ਨਹੀਂ ਹਾਂ ਕਿ ਪੁਰਾਣਾ ਨੇਮ ਸਾਨੂੰ ਵਿਸ਼ਵਾਸ ਕਰਨ ਲਈ ਕਹਿੰਦਾ ਹੈ ਕਿ ਪਰਮੇਸ਼ੁਰ ਨੇ ਅਜਿਹੀਆਂ ਚੀਜ਼ਾਂ ਪ੍ਰਗਟ ਕੀਤੀਆਂ ਹਨ ਜਦੋਂ ਉਹ ਨਵੇਂ ਨੇਮ ਵਿੱਚ ਪ੍ਰਗਟ ਕੀਤੀਆਂ ਗਈਆਂ ਚੀਜ਼ਾਂ ਨਾਲੋਂ ਬਹੁਤ ਵੱਖਰੀਆਂ ਲੱਗਦੀਆਂ ਹਨ? ਇਸ ਕਿਸਮ ਦੇ ਧਰਮ-ਸਿੱਖਿਆ ਅੰਤਰਾਂ ਦੀ ਸੂਚੀ ਜਾਰੀ ਰਹਿੰਦੀ ਹੈ। ਅਸੀਂ ਜੋ ਵੀ ਕਹਿ ਸਕਦੇ ਹਾਂ, ਸਾਡੇ ਅਤੇ ਪੁਰਾਣੇ ਨੇਮ ਦੇ ਵਿਚਕਾਰ ਨਿਸ਼ਚਤ ਤੌਰ 'ਤੇ ਬਹੁਤ ਵੱਡੀ ਧਰਮ ਸ਼ਾਸਤਰੀ ਦੂਰੀ ਹੈ।

> **ਜਦੋਂ ਪਰਮੇਸ਼ੁਰ ਆਪਣੇ ਆਪ ਨੂੰ ਸਾਡੇ ਤੇ ਪ੍ਰਗਟ ਕਰਦਾ ਹੈ, ਉਹ ਅਜਿਹਾ ਸਮੇਂ ਅਤੇ ਸਥਾਨ ਤੇ ਕਰਦਾ ਹੈ... ਤੁਸੀਂ ਪੁਰਾਣੇ ਨੇਮ ਦੇ ਅਭਿਆਸ ਬਾਰੇ ਸੋਚੋ ਅਤੇ ਜਿੱਥੇ ਕੁਝ ਸ਼ੁੱਧ ਅਤੇ ਅਸ਼ੁੱਧ ਭੋਜਨ ਵਿਧੀਆਂ ਦਾ ਅਭਿਆਸ ਕੀਤਾ ਜਾਂਦਾ ਹੈ। ਇਸਦਾ ਅਭਿਆਸ ਪੁਰਾਣੇ ਨੇਮ ਦੇ ਇਸਰਾਏਲੀਆਂ ਦੁਆਰਾ ਕੀਤਾ ਜਾਂਦਾ ਹੈ, ਅਤੇ ਅੱਜ ਸਾਡੇ ਲਈ ਨੇਮ ਦੇ ਬਦਲਾਵਾਂ ਅਧੀਨ ਇਸਦਾ ਅਭਿਆਸ ਕਰਨਾ ਜਰੂਰੀ ਨਹੀਂ ਹੈ। ਅਸੀਂ ਅਜਿਹਾ ਕਰ ਸਕਦੇ ਹਾਂ ਪਰ ਇਹ ਜਰੂਰੀ ਨਹੀਂ ਹੈ। ਇਹ ਨੇਮ ਦੇ ਲਈ ਜਰੂਰੀ ਨਹੀਂ ਹੈ। ਅਸਲ ਵਿੱਚ ਜਦੋਂ ਤੁਸੀਂ ਲੋਕਾਂ ਨੂੰ ਅਜਿਹਾ ਕਰਨ ਲਈ ਕਹਿੰਦੇ ਹੋ ਜਿਸਦੀ ਮੰਗ ਪੁਰਾਣਾ ਨੇਮ ਕਰਦਾ ਹੈ ਤਾਂ ਤੁਹਾਨੂੰ ਬਹੁਤ ਜਿਆਦਾ ਧਿਆਨਪੂਰਵਕ ਹੋਣ ਦੀ ਜਰੂਰਤ ਹੈ, ਇਸ ਨਾਲ ਤੁਸੀਂ ਅਜਿਹਾ ਕਹਿਣ ਦੀ ਸਥਿਤੀ ਵਿੱਚ ਆ ਸਕਦੇ ਹੋ ਕਿ "ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਰੱਖਣ ਦੇ ਲਈ ਤੁਹਾਨੂੰ ਪੁਰਾਣੇ ਨੇਮ ਦੇ ਅਧੀਨ ਆਉਣਾ ਚਾਹੀਦਾ ਹੈ ਜੋ ਹੁਣ ਪੂਰਾ ਹੋ ਚੁੱਕਾ ਹੈ।" ਇਸ ਲਈ ਅਜਿਹੇ ਅਭਿਆਸਾਂ ਦੀ ਜਰੂਰਤ ਨਹੀਂ ਹੈ ਕਿਉਂਕਿ ਨੇਮ ਵਿੱਚ ਬਦਲਾਅ ਹੋ ਚੁੱਕਾ ਹੈ।**
>
> — **ਡਾ. ਸਟੀਫਨ ਜੇ ਵਿਲੀਅਮ**

ਧਰਮ ਸ਼ਾਸਤਰੀ ਦੂਰੀ ਤੋਂ ਇਲਾਵਾ, ਇਕ ਹੋਰ ਕਿਸਮ ਦੀ ਦੂਰੀ ਜੋ ਸਾਨੂੰ ਪੁਰਾਣੇ ਨੇਮ ਤੋਂ ਵੱਖ ਕਰਦੀ ਹੈ, ਉਹ ਹੈ ਪ੍ਰਾਚੀਨ ਨਜ਼ਦੀਕੀ ਪੂਰਬ ਅਤੇ ਸਾਡੇ ਆਧੁਨਿਕ ਸੰਸਾਰ ਵਿਚਕਾਰ ਸੱਭਿਆਚਾਰਕ ਦੂਰੀ।

## ਸੱਭਿਆਚਾਰਕ

ਸਾਡੇ ਅਤੇ ਪੁਰਾਣੇ ਨੇਮ ਵਿਚਕਾਰ ਸੱਭਿਆਚਾਰਕ ਦੂਰੀ ਇਸ ਲਈ ਹੋਂਦ ਵਿੱਚ ਹੈ ਕਿਉਂਕਿ ਮਨੁੱਖੀ ਸਭਿਆਚਾਰ ਲਗਾਤਾਰ ਬਦਲ ਰਹੇ ਹਨ। ਸਮਾਜਿਕ ਢਾਂਚੇ ਬਦਲ ਜਾਂਦੇ ਹਨ। ਪੁਰਾਣੇ ਰੀਤੀ ਰਿਵਾਜ ਅਜੀਬ ਅਤੇ ਪੁਰਾਣੇ ਲੱਗਦੇ ਹਨ। ਸਿਰਫ਼ 200 ਸਾਲ ਪਹਿਲਾਂ ਆਪਣੇ ਦੇਸ਼ ਦਾ ਦੌਰਾ ਕਰਨ ਦੀ ਕਲਪਨਾ ਕਰੋ। ਬਹੁਤ ਸਾਰੇ ਅੰਤਰ ਸਾਨੂੰ ਇਸ ਤਰ੍ਹਾਂ ਮਹਿਸੂਸ ਕਰਾਉਣਗੇ ਜਿਵੇਂ ਅਸੀਂ ਇੱਕ ਵੱਖਰੀ ਦੁਨੀਆਂ ਵਿੱਚ ਹਾਂ, ਭਾਵੇਂ ਅਸੀਂ ਇੱਕ ਥੋੜ੍ਹੇ ਜਿਹੇ ਵੱਖਰੇ ਯੁੱਗ ਵਿੱਚ ਹਾਂ। ਹੁਣ, ਜੇ ਇਹ 200 ਸਾਲ ਪਹਿਲਾਂ ਉਸੇ ਜਗ੍ਹਾ 'ਤੇ ਸੱਚ ਹੈ, ਤਾਂ ਸਾਨੂੰ ਆਪਣੇ ਅਤੇ ਪੁਰਾਣੇ ਨੇਮ ਵਿਚ ਜੋ ਪੜ੍ਹਿਆ ਗਿਆ ਹੈ ਉਸ ਵਿਚ ਸਭਿਆਚਾਰਕ ਅੰਤਰ ਲੱਭਣ ਦੀ ਸਾਨੂੰ ਕਿੰਨੀ ਹੋਰ ਉਮੀਦ ਕਰਨੀ ਚਾਹੀਦੀ ਹੈ? ਪ੍ਰਾਚੀਨ ਨਜ਼ਦੀਕੀ ਪੂਰਬ ਅਤੇ ਸਾਡੇ ਆਧੁਨਿਕ ਸੰਸਾਰ ਵਿੱਚ ਬਹੁਤ ਸਾਰੇ ਅੰਤਰ ਮੌਜੂਦ ਹਨ ਕਿ ਬਹੁਤ ਸਾਰੀਆਂ ਚੀਜ਼ਾਂ ਜੋ ਅਸੀਂ ਪੁਰਾਣੇ ਨੇਮ ਵਿੱਚ ਪੜ੍ਹਦੇ ਹਾਂ ਉਹ ਬਹੁਤ ਅਣਜਾਣ ਹਨ।

ਜਦੋਂ ਪੁਰਾਣਾ ਪ੍ਰਾਚੀਨ ਸੰਸਾਰ ਦੇ ਅਲੱਗ-ਅਲੱਗ ਸਥਾਨਾਂ ਜਿਵੇਂ ਕਿ ਇਸਰਾਏਲ, ਕਨਾਨ, ਮਿਸਰ, ਅੱਸੂਰ, ਬਾਬਲ, ਫਾਰਸ ਜਾਂ ਇਸਦੇ ਵਿੱਚ ਦੱਸੇ ਹੋਰ ਸੱਭਿਆਚਾਰਾਂ ਦਾ ਵਰਣਨ ਕਰਦਾ ਹੈ ਜਾਂ ਅਸੀਂ ਅਲੱਗ ਜਿਹਾ ਮਹਿਸੂਸ ਕਰਦੇ ਹਾਂ। ਜਿੰਨ੍ਹਾਂ ਕਿਰਦਾਰਾਂ ਨਾਲ ਸਾਡਾ ਸਾਹਮਣਾ ਹੁੰਦਾ ਹੈ ਉਨ੍ਹਾਂ ਦੇ ਅਲੱਗ-ਅਲੱਗ ਸਭਿਆਚਾਰਕ ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਅਭਿਆਸ ਸਨ, ਜਿਵੇਂ ਅੱਜ ਸਾਡੇ ਵੀ ਹਨ। ਪਰ ਉਹ ਅਕਸਰ ਸਾਡੀਆਂ ਆਧੁਨਿਕ ਮਾਨਤਾਵਾਂ, ਕਦਰਾਂ-ਕੀਮਤਾਂ ਅਤੇ ਅਭਿਆਸਾਂ ਤੋਂ ਬਹੁਤ ਅਲੱਗ ਹਨ। ਪੁਰਾਣੇ ਨੇਮ ਵਿੱਚ ਪਾਈਆਂ ਜਾਣ ਵਾਲੇ ਮਨੁੱਖੀ ਸਭਿਆਚਾਰਾਂ ਦੇ ਬਾਰੇ ਵਿਚਾਰ ਕਰੋ।

ਪੁਰਾਣੇ ਨੇਮ ਦਾ ਬਹੁਤ ਵੱਡਾ ਹਿੱਸਾ ਖੇਤੀ ਪ੍ਰਧਾਨ ਸੰਸਾਰ ਦਾ ਵਰਣਨ ਕਰਦਾ ਹੈ। ਅਸੀਂ ਧਰਮ-ਗ੍ਰੰਥ ਦੇ ਪੰਨਿਆਂ ਵਿੱਚ ਖੇਤੀ ਅਤੇ ਪਸ਼ੂ ਪਾਲਣ ਬਾਰੇ ਪੜ੍ਹਦੇ ਹਾਂ, ਪਰ ਬਹੁਤ ਸਾਰੇ ਆਧੁਨਿਕ ਸ਼ਹਿਰੀ ਲੋਕ ਮੁਸ਼ਕਿਲ ਨਾਲ ਕਲਪਨਾ ਕਰ ਸਕਦੇ ਹਨ ਕਿ ਇਸ ਪ੍ਰਾਚੀਨ ਜੀਵਨ ਸ਼ੈਲੀ ਵਿੱਚ ਕੀ ਹੋਇਆ ਸੀ। ਪੁਰਾਣੇ ਨੇਮ ਦੇ ਦਿਨਾਂ ਵਿੱਚ ਤਕਨੀਕਾਂ ਵੀ ਬਹੁਤ ਅਲੱਗ ਸਨ। ਅੱਜ ਅਸੀਂ ਵਾਰਤਾਲਾਪ ਅਤੇ ਕੰਮ ਕਰਨ ਲਈ ਜਿੰਨ੍ਹਾਂ ਤਕਨੀਕਾਂ ਦਾ ਉਪਯੋਗ ਕਰਦੇ ਹਾਂ ਉਹ ਪ੍ਰਾਚੀਨ ਸੰਸਾਰ ਵਿੱਚ ਮੌਜੂਦ ਨਹੀਂ ਸਨ।

ਪੁਰਾਣੇ ਨੇਮ ਵਿੱਚ, ਅਸੀਂ ਵਿਵਸਥਿਤ ਵਿਆਹਾਂ ਬਾਰੇ ਪੜ੍ਹਦੇ ਹਾਂ। ਅਸੀਂ ਇਹ ਵੀ ਸਿੱਖਦੇ ਹਾਂ ਕਿ ਬਾਈਬਲ ਦੀਆਂ ਮਹੱਤਵਪੂਰਨ ਸ਼ਖਸੀਅਤਾਂ ਨੇ ਬਹੁ-ਵਿਆਹ ਦਾ ਅਭਿਆਸ ਕੀਤਾ। ਪੁਰਾਣੇ ਨੇਮ ਵਿੱਚ ਗੁਲਾਮੀ ਦੇ ਕਈ ਰੂਪ ਪ੍ਰਗਟ ਹੁੰਦੇ ਹਨ। ਅਤੇ ਇਸਰਾਏਲ ਦੇ ਅੰਦਰ ਅਤੇ ਬਾਹਰ, ਸਭਿਆਚਾਰਾਂ ਨੂੰ ਸਾਮਰਾਜਵਾਦ ਦੀਆਂ ਰਾਜਨੀਤਿਕ ਹਕੀਕਤਾਂ ਦੁਆਰਾ ਡੂੰਘਾ ਪ੍ਰਭਾਵਤ ਕੀਤਾ ਗਿਆ ਸੀ। ਨਿਯਮ ਦੇ ਅਪਵਾਦ ਸਨ, ਬੇਸ਼ੱਕ, ਖਾਸ ਕਰਕੇ ਮਾਰੂਥਲ ਕਬੀਲਿਆਂ ਵਿੱਚ, ਪਰ ਮਹਾਨ ਰਾਜੇ ਜਾਂ ਸਮਰਾਟ ਅਤੇ ਉਹਨਾਂ ਦੀਆਂ ਸ਼ਕਤੀਸ਼ਾਲੀ ਫੌਜਾਂ ਇਹਨਾਂ ਸ਼ਾਸਤਰਾਂ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪੁਰਾਣੇ ਨੇਮ ਦੇ ਪਾਤਰ ਆਧੁਨਿਕ ਜਮਹੂਰੀ ਆਦਰਸ਼ਾਂ ਬਾਰੇ ਅਮਲੀ ਤੌਰ 'ਤੇ ਕੁਝ ਨਹੀਂ

ਜਾਣਦੇ ਸਨ।

ਜਦੋਂ ਅਸੀਂ ਪੁਰਾਣੇ ਨੇਮ ਦੇ ਜੀਵਨ ਜਿਹੀਆਂ ਵਿਸੇਸ਼ਤਾਵਾਂ ਨੂੰ ਵੇਖਦੇ ਹਾਂ, ਤਾਂ ਤੁਸੀਂ ਅਕਸਰ ਦੁਵਿਧਾ ਵਿੱਚ ਹੁੰਦੇ ਹਾਂ ਕਿ ਉਨ੍ਹਾਂ ਨਾਲ ਕਿਵੇਂ ਨਜਿੱਠਿਆ ਜਾਵੇ। ਅਸੀਂ ਅਜਿਹੀ ਬਾਈਬਲ ਦੇ ਨਾਲ਼ ਕੀ ਕਰ ਸਕਦੇ ਹਾਂ ਜਿਸ ਵਿੱਚ ਬਹੁਤ ਸਾਰੇ ਅਜਿਹੇ ਸਭਿਆਚਾਰ ਹਨ ਜੋ ਸਾਡੇ ਸਭਿਆਚਾਰ ਨਾਲੋਂ ਬਹੁਤ ਅਲੱਗ ਹਨ? ਸਭਿਆਚਾਰਕ ਵਖਰੇਵੇਂ ਸਾਨੂੰ ਆਪਣੇ ਅਤੇ ਪੁਰਾਣੇ ਨੇਮ ਦੇ ਵਿੱਚ ਬਹੁਤ ਵੱਡੀ ਦੂਰੀ ਦਾ ਅਹਿਸਾਸ ਕਰਵਾਉਂਦੇ ਹਨ।

> **ਮੇਰੇ ਖਿਆਲ ਨਾਲ ਜੇਕਰ ਤੁਸੀਂ ਉਦਾਹਰਨ ਦੇ ਲਈ ਪੁਰਾਣੇ ਨੇਮ ਵੱਲ ਵੇਖੋਗੇ ਤਾਂ ਤੁਸੀਂ ਪਾਉਗੇ ਕਿ ਉੱਥੇ ਦੀਆਂ ਚੀਜ਼ਾਂ ਸਾਡੇ ਨਾਲੋਂ ਪੂਰੀ ਤਰ੍ਹਾਂ ਅਲੱਗ ਹਨ। ਇੱਕ ਗੱਲ ਇਹ ਹੈ ਕਿ ਪੁਰਾਣੇ ਨੇਮ ਦੇ ਸਭਿਆਚਾਰ ਵਿੱਚ ਬਹੁਤ ਸਾਰੀ ਖੇਤੀਬਾੜੀ ਸੀ, ਦੂਸਰੀ ਗੱਲ ਇਹ ਕਿ ਇਸ ਵਿੱਚ ਬਹੁ-ਵਿਆਹ ਦਾ ਰਿਵਾਜ਼ ਆਮ ਸੀ... ਅਤੇ ਇਸ ਲਈ ਇਹ ਸਭਿਆਚਾਰਕ ਤੌਰ ਤੇ ਸਾਡੇ ਨਾਲੋਂ ਅਲੱਗ ਹੈ।**
>
> **—ਡਾ. ਲੁਈਜ਼ ਔਰਟੇਜਾ**

ਇਹ ਵਿਚਾਰ ਕਰਨ ਤੋਂ ਬਾਅਦ ਕਿ ਪੁਰਾਣੇ ਨੇਮ ਵਿੱਚ ਧਰਮ ਸਿੱਖਿਆ ਅਤੇ ਸਭਿਆਚਾਰ ਅਕਸਰ ਸਾਡੇ ਲਈ ਅਜੀਬ ਲੱਗਦੇ ਹਨ, ਸਾਨੂੰ ਇੱਕ ਤੀਜੀ ਕਿਸਮ ਦੀ ਦੂਰੀ ਵੱਲ ਧਿਆਨ ਦੇਣਾ ਚਾਹੀਦਾ ਹੈ - ਜਿਸਨੂੰ ਅਸੀਂ "ਨਿੱਜੀ" ਦੂਰੀ ਕਹਿ ਸਕਦੇ ਹਾਂ।

## ਨਿੱਜੀ

ਜਦੋਂ ਅਸੀਂ "ਨਿੱਜੀ" ਦੂਰੀ ਦੀ ਗੱਲ ਕਰਦੇ ਹਾਂ, ਅਸੀਂ ਇਸ ਤੱਥ ਦਾ ਹਵਾਲਾ ਦਿੰਦੇ ਹਾਂ ਕਿ ਪੁਰਾਣੇ ਨੇਮ ਦੇ ਦਿਨਾਂ ਵਿੱਚ ਰਹਿਣ ਵਾਲੇ ਲੋਕ ਆਧੁਨਿਕ ਲੋਕਾਂ ਨਾਲੋਂ ਵੱਖਰੇ ਸਨ। ਸਾਡੇ ਅਤੇ ਉਹਨਾਂ ਵਿਚਕਾਰ ਬਹੁਤ ਸਾਰੇ ਵੱਖਰੇਵੇਂ ਅਕਸਰ ਬਹੁਤ ਨਿੱਜੀ, ਮਨੁੱਖੀ ਤੱਥ ਸ਼ਾਮਲ ਹੁੰਦੇ ਹਨ। ਬੇਸ਼ੱਕ, ਪੁਰਾਣੇ ਨੇਮ ਦੇ ਲੋਕ ਸਾਡੇ ਤੋਂ ਬਿਲਕੁਲ ਵੱਖਰੇ ਨਹੀਂ ਸਨ। ਜਿਵੇਂ ਕਿ ਅਸੀਂ ਇਸ ਸਬਕ ਵਿੱਚ ਬਾਅਦ ਵਿੱਚ ਵੇਖਾਂਗੇ, ਉਹ ਕਈ ਮਹੱਤਵਪੂਰਨ ਤਰੀਕਿਆਂ ਨਾਲ ਸਾਡੇ ਸਮਾਨ ਸਨ। ਪਰ ਇਸ ਦੇ ਨਾਲ ਹੀ, ਉਹਨਾਂ ਦੇ ਨਿੱਜੀ ਤਜਰਬੇ ਬਹੁਤ ਵੱਖਰੇ ਸਨ ਜਿਹਨਾਂ ਨੇ ਉਹਨਾਂ ਨੂੰ ਅੱਜ ਸਾਡੇ ਨਾਲੋਂ ਬਿਲਕੁੱਲ ਵੱਖਰਾ ਬਣਾ ਦਿੱਤਾ।

ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਪੁਰਾਣੇ ਨੇਮ ਦੇ ਸਮੇਂ ਦੇ ਲੋਕ ਸਾਡੇ ਜ਼ਮਾਨੇ ਦੇ ਲੋਕਾਂ ਨਾਲੋਂ ਵੱਖਰੇ ਸਨ। ਆਖ਼ਰਕਾਰ, ਉਨ੍ਹਾਂ ਦੇ ਬਹੁਤ ਸਾਰੇ ਸੁਭਾਅ ਅਤੇ ਗਤੀਵਿਧੀਆਂ ਧਰਮ-ਸਿੱਖਿਆ ਅਤੇ ਸੱਭਿਆਚਾਰਕ ਅਜਿਹੇ ਸੰਸਾਰ ਤੋਂ ਪੈਦਾ ਹੋਈਆਂ ਜਿਸ ਵਿੱਚ ਉਹ ਰਹਿੰਦੇ ਸਨ। ਇਸ ਬਾਰੇ ਇਸ ਤਰੀਕੇ ਨਾਲ ਸੋਚੋ: ਇੱਕ ਧਰਮ-ਸਿੱਖਿਆ ਪੱਧਰ 'ਤੇ, ਪੁਰਾਣੇ ਨੇਮ ਦੇ ਬਹੁਤ ਸਾਰੇ ਵਿਅਕਤੀਆਂ ਨੂੰ ਅੱਜ ਸਾਡੇ ਕੋਲ ਮੌਜੂਦ ਕਿਸੇ ਵੀ ਤਰ੍ਹਾਂ ਦੇ ਉਲਟ ਸ਼ਾਨਦਾਰ ਅਧਿਆਤਮਿਕ ਅਨੁਭਵ ਸਨ। ਉਨ੍ਹਾਂ ਨੇ ਸਵਰਗ ਦੇ ਦਰਸ਼ਨ ਕੀਤੇ ਅਤੇ ਪਰਮੇਸ਼ੁਰ ਦੀ ਸੁਣੀ ਜਾ ਸਕਣ ਵਾਲੀ ਅਵਾਜ਼ ਨੂੰ ਸੁਣਿਆ। ਉਨ੍ਹਾਂ ਨੇ ਸਵਰਗੀ ਜੀਵਾਂ ਨਾਲ ਗੱਲਬਾਤ ਕੀਤੀ। ਇੱਕ ਪਲ ਲਈ ਰੁਕੋ ਅਤੇ ਆਪਣੇ ਆਪ ਨੂੰ ਪੁੱਛੋ, ਜੇਕਰ ਤੁਹਾਨੂੰ ਇਸ ਕਿਸਮ

ਦੇ ਆਤਮਿਕ ਅਨੁਭਵ ਹੁੰਦੇ ਤਾਂ ਤੁਸੀਂ ਕਿਵੇਂ ਵੱਖਰੇ ਹੋਵੋਗੇ? ਜੇਕਰ ਤੁਸੀਂ ਈਸ਼ਵਰ ਪ੍ਰੇਰਿਤ ਦਰਸ਼ਨਾਂ, ਆਵਾਜਾਂ, ਸਵਰਗਦੂਤਾਂ ਅਤੇ ਭੂਤਾਂ ਅਤੇ ਇਸ ਤਰ੍ਹਾਂ ਦਾ ਅਨੁਭਵ ਕੀਤਾ ਹੁੰਦਾ ਤਾਂ ਤੁਸੀਂ ਕਿਸ ਪ੍ਰਕਾਰ ਦੇ ਵਿਅਕਤੀ ਹੁੰਦੇ? ਬਿਨਾਂ ਸ਼ੱਕ, ਅਜਿਹੇ ਤਜਰਬੇ ਸਾਨੂੰ ਨਾਟਕੀ ਢੰਗ ਨਾਲ ਬਦਲ ਦੇਣਗੇ। ਇਸ ਸੱਚਾਈ ਨੂੰ ਮਹਿਸੂਸ ਕਰਨਾ ਸਾਨੂੰ ਇਹ ਪਛਾਣਨ ਵਿੱਚ ਮਦਦ ਕਰਦਾ ਹੈ ਕਿ ਅਸੀਂ ਪੁਰਾਣੇ ਨੇਮ ਦੇ ਲੋਕਾਂ ਤੋਂ ਕਈ ਮਹੱਤਵਪੂਰਨ ਤਰੀਕਿਆਂ ਨਾਲ ਵੱਖਰੇ ਹਾਂ।

ਇਸ ਨਾਲੋਂ ਵੱਧ ਕੇ ਇਹ ਸੋਚੋ ਕਿ ਸਭਿਆਚਾਰਕ ਪ੍ਰਭਾਵਾਂ ਦੇ ਕਾਰਨ ਅਸੀਂ ਪੁਰਾਣੇ ਨੇਮ ਦੇ ਲੋਕਾਂ ਨਾਲੋਂ ਕਿੰਨੇ ਅਲੱਗ ਹਾਂ। ਪੁਰਾਣੇ ਨੇਮ ਵਿੱਚ ਲੋਕਾਂ ਨੇ ਅਕਸਰ ਅਜਿਹੀਆਂ ਸਭਿਆਚਾਰਕ ਭੂਮਿਕਾਵਾਂ ਨਿਭਾਈਆਂ ਜੋ ਸਾਡੇ ਨਾਲੋਂ ਬਹੁਤ ਵੱਖਰੀਆਂ ਹਨ। ਉਹ ਰਾਜੇ, ਰਾਣੀਆਂ, ਨੌਕਰ ਅਤੇ ਗੁਲਾਮ ਸਨ। ਉਸ ਸਮੇਂ ਦੇ ਮਰਦ ਅਤੇ ਔਰਤਾਂ ਆਪਣੀਆਂ ਭੂਮਿਕਾਵਾਂ ਅੱਜ ਦੇ ਮਰਦਾਂ ਅਤੇ ਔਰਤਾਂ ਨਾਲੋਂ ਬਹੁਤ ਵੱਖਰੇ ਢੰਗ ਨਾਲ ਵੇਖਦੇ ਸਨ। ਪੁਰਾਣੇ ਨੇਮ ਦੇ ਲੋਕਾਂ ਦੀਆਂ ਸ਼ਖਸੀਅਤਾਂ ਪ੍ਰਾਚੀਨ ਯੁੱਧ ਦੀਆਂ ਭਿਆਨਕਤਾਵਾਂ ਦੁਆਰਾ ਡੂੰਘਾ ਪ੍ਰਭਾਵਤ ਹੋਈਆਂ ਸਨ। ਆਧੁਨਿਕ ਤਕਨਾਲੋਜੀ ਦੀ ਸਹਾਇਤਾ ਤੋਂ ਬਿਨਾਂ ਅਕਾਲ ਅਤੇ ਸੋਕੇ ਵਿੱਚੋਂ ਲੰਘਣ ਨਾਲ ਪ੍ਰਾਚੀਨ ਲੋਕਾਂ ਦੀ ਸਰੀਰਕ ਅਤੇ ਭਾਵਨਾਤਮਕ ਸਿਹਤ ਪ੍ਰਭਾਵਿਤ ਹੋਈ। ਅੱਜ ਸਾਡੇ ਵਿੱਚੋਂ ਬਹੁਤਿਆਂ ਨੇ ਕਦੇ ਵੀ ਇਸ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਮ੍ਹਣਾ ਨਹੀਂ ਕੀਤਾ। ਅਤੇ ਨਤੀਜੇ ਵਜੋਂ, ਸਾਨੂੰ ਪੁਰਾਣੇ ਨੇਮ ਵਿੱਚ ਵਰਣਿਤ ਲੋਕਾਂ ਨਾਲ ਪਛਾਣ ਕਰਨ ਵਿੱਚ ਅਕਸਰ ਮੁਸ਼ਕਲ ਆਉਂਦੀ ਹੈ।

ਕਿਉਂਕਿ ਹੁਣ ਅਸੀਂ ਉਨ੍ਹਾਂ ਕਾਰਨਾਂ ਅਤੇ ਕਿਸਮਾਂ ਨੂੰ ਵੇਖ ਚੁੱਕੇ ਹਾਂ ਜੋ ਸਾਨੂੰ ਪੁਰਾਣੇ ਨੇਮ ਤੋਂ ਅਲੱਗ ਕਰਦੇ ਹਨ, ਇਸ ਲਈ ਹੁਣ ਸਾਨੂੰ ਆਪਣੇ ਦੂਸਰੇ ਵਿਸ਼ੇ ਵੱਲ ਆਉਣਾ ਚਾਹੀਦਾ ਹੈ: ਆਧੁਨਿਕ ਲੋਕਾਂ ਦੇ ਲਈ ਪੁਰਾਣੇ ਨੇਮ ਦਾ ਸੰਬੰਧ। ਜੇਕਰ ਪੁਰਾਣਾ ਨੇਮ ਬਹੁਤ ਲੰਬਾ ਸਮਾਂ ਪਹਿਲਾਂ ਲਿਖਿਆ ਗਿਆ ਸੀ, ਤਾਂ ਫਿਰ ਸਾਨੂੰ ਇਹ ਉਮੀਦ ਕਿਉਂ ਕਰਨੀ ਚਾਹੀਦੀ ਹੈ ਕਿ ਇਹ ਸਾਡੇ ਲਈ ਢੁੱਕਵਾਂ ਹੈ?

## ਸਾਰਥਕਤਾ

ਅਜਿਹੇ ਬਹੁਤ ਸਾਰੇ ਕਾਰਨ ਹਨ ਜਿੰਨ੍ਹਾਂ ਕਰਕੇ ਮਸੀਹੀਆਂ ਨੂੰ ਉਹਨਾਂ ਦੇ ਜੀਵਨਾਂ ਵਿੱਚ ਪੁਰਾਣੇ ਨੇਮ ਦੇ ਮਹੱਤਵ ਦੀ ਉਮੀਦ ਕਰਨੀ ਚਾਹੀਦੀ ਹੈ। ਪਰ ਸ਼ਾਇਦ ਸਭ ਤੋਂ ਮਹੱਤਵਪੂਰਨ ਸਬੂਤ ਯਿਸੂ ਅਤੇ ਪਹਿਲੀ ਸਦੀ ਦੇ ਉਸਦੇ ਰਸੂਲਾਂ ਦੇ ਨਬੀਆਂ ਤੋਂ ਮਿਲਦਾ ਹੈ। ਇੰਨ੍ਹਾਂ ਪੁਰਸ਼ਾਂ ਨੇ ਬਹੁਤ ਵਿਸ਼ਵਾਸ ਨਾਲ ਸਿਖਾਇਆ ਕਿ ਪੁਰਾਣਾ ਨੇਮ ਸਿਰਫ਼ ਪ੍ਰਾਚੀਨ ਇਸਰਾਏਲ ਦੇ ਲਈ ਹੀ ਪਰਮੇਸ਼ੁਰ ਦਾ ਅਧਿਕਾਰਕ ਵਚਨ ਨਹੀਂ ਸੀ, ਪਰ ਇਹ ਉਸ ਸਮੇਂ ਦੇ ਮਸੀਹੀਆਂ ਦੇ ਲਈ ਵੀ ਉਨਾਂ ਹੀ ਮਹੱਤਵਪੂਰਨ ਸੀ। ਅੱਜ ਬਹੁਤ ਸਾਰੇ ਮਸੀਹੀ ਅਜਿਹਾ ਮੰਨਦੇ ਹਨ ਕਿ ਨਵਾਂ ਨੇਮ ਪੁਰਾਣੇ ਨੇਮ ਨੂੰ ਮਿਟਾਉਣ ਦੇ ਲਈ ਦਿੱਤਾ ਗਿਆ ਸੀ। ਪਰ ਅਸਲ ਦੇ ਵਿੱਚ ਯਿਸੂ ਅਤੇ ਉਸਦੇ ਰਸੂਲਾਂ ਅਤੇ ਨਬੀਆਂ ਨੇ ਇਸਦੇ ਉਲਟ ਗਵਾਹੀ ਦਿੱਤੀ। ਉਨ੍ਹਾਂ ਨੇ ਸਿਖਾਇਆ ਕਿ ਪੁਰਾਣਾ ਨੇਮ ਹਰੇਕ ਯੁੱਗ ਦੇ ਇਮਾਨਦਾਰ ਮਸੀਹੀਆਂ ਦੇ ਲਈ ਬਹੁਤ ਮਹੱਤਵਪੂਰਨ ਹੈ।

ਨਵਾਂ ਨੇਮ ਕਈ ਥਾਵਾਂ 'ਤੇ ਸਿਖਾਉਂਦਾ ਹੈ ਕਿ ਪੁਰਾਣਾ ਨੇਮ ਸਾਡੇ ਜੀਵਨ ਲਈ ਸਾਰਥਕ ਹੈ, ਪਰ ਅਸੀਂ ਸਿਰਫ਼ ਦੋ ਦਿਸ਼ਾਵਾਂ ਵਿੱਚ ਵੇਖਾਂਗੇ। ਪਹਿਲਾਂ, ਅਸੀਂ ਯਿਸੂ ਦੀਆਂ ਕੁਝ ਸਿੱਖਿਆਵਾਂ ਨੂੰ ਦੇਖਾਂਗੇ, ਅਤੇ ਦੂਜਾ, ਅਸੀਂ ਪੌਲੁਸ ਰਸੂਲ ਦੀਆਂ ਕੁਝ ਸਿੱਖਿਆਵਾਂ 'ਤੇ ਵਿਚਾਰ ਕਰਾਂਗੇ। ਆਓ ਪਹਿਲਾਂ ਪੁਰਾਣੇ ਨੇਮ ਦੀ ਸਾਰਥਕਤਾ ਬਾਰੇ ਯਿਸੂ ਦੀਆਂ ਸਿੱਖਿਆਵਾਂ ਬਾਰੇ ਸੋਚੀਏ।

## ਯਿਸੂ ਦੀਆਂ ਸਿੱਖਿਆਵਾਂ

ਇਹ ਸਮਝਣ ਦੇ ਲਈ ਕਿ ਯਿਸੂ ਨੇ ਪੁਰਾਣੇ ਨੇਮ ਦੀ ਸਾਰਥਕਤਾ ਅਤੇ ਅਧਿਕਾਰ ਬਾਰੇ ਆਪਣੇ ਪੈਰੋਕਾਰਾਂ ਨੂੰ ਕੀ ਸਿਖਾਇਆ, ਅਸੀਂ ਸੰਖੇਪ ਵਿੱਚ ਉਸਦੀ ਸਿੱਖਿਆ ਦੀਆਂ ਦੋ ਦਿਸ਼ਾਵਾਂ ਵੇਖਾਂਗੇ। ਅਸੀਂ ਕੁਝ ਅਜਿਹੇ ਭਾਗਾਂ ਜੋ ਅਕਸਰ ਯਿਸੂ ਦੁਆਰਾ ਪੁਰਾਣੇ ਨੇਮ ਦੇ ਬਾਰੇ ਕੀਤੀਆਂ ਨਕਾਰਾਤਮਕ ਟਿੱਪਣੀਆਂ ਪ੍ਰਤੀਤ ਹੁੰਦੀਆਂ ਹਨ। ਅਤੇ ਫਿਰ ਅਸੀਂ ਉਸ ਦੁਆਰਾ ਪੁਰਾਣੇ ਨੇਮ ਦੀ ਸਾਰਥਕਤਾ ਬਾਰੇ ਕੀਤੀਆਂ ਸਕਰਾਤਮਕ ਪੁਸ਼ਟੀਆਂ ਦੇ ਬਾਰੇ ਵੇਖਾਂਗੇ। ਆਉ ਅਸੀਂ ਯਿਸੂ ਦੀਆਂ ਕੁਝ ਅਜਿਹੀਆਂ ਟਿੱਪਣੀਆਂ ਦੇ ਬਾਰੇ ਵੇਖਦੇ ਹੋਏ ਅਰੰਭ ਕਰੀਏ ਜਿੰਨ੍ਹਾਂ ਨੂੰ ਬਹੁਤ ਸਾਰੇ ਅਰਥ ਕਰਨ ਵਾਲੇ ਪੁਰਾਣੇ ਨੇਮ ਦੇ ਨਕਾਰਾਤਮਕ ਦ੍ਰਿਸ਼ਟੀਕੋਣ ਦੇ ਤੌਰ ਤੇ ਵੇਖਦੇ ਹਨ।

### ਨਕਾਰਾਤਕਮ ਟਿੱਪਣੀਆਂ

ਸਾਡੇ ਵਿੱਚੋਂ ਜਿਆਦਾਤਰ ਲੋਕ ਯਿਸੂ ਦੇ ਮੱਤੀ 5-7 ਵਿੱਚ ਦਿੱਤੇ ਪਹਾੜੀ ਉਪਦੇਸ਼ ਤੋਂ ਵਾਕਿਫ ਹਨ। ਇਦ ਉਪਦੇਸ਼ ਦੇ ਇੱਕ ਬਿੰਦੂ ਤੇ ਯਿਸੂ ਦੇ ਕਈ ਸਾਰੇ ਨੈਤਿਕ ਬਿੰਦੂਆਂ ਦੀ ਗੱਲ ਕੀਤੀ। ਇੰਨ੍ਹਾਂ ਮੁੱਦਿਆਂ ਦੇ ਬਾਰੇ ਉਸਦੇ ਦ੍ਰਿਸ਼ਟੀਕੋਣ ਨੇ ਕਈ ਗੰਭੀਰ ਵਿਸ਼ਵਾਸੀਆਂ ਨੂੰ ਇਹ ਵਿਚਾਰ ਦਿੱਤਾ ਹੈ ਕਿ ਯਿਸੂ ਨੇ ਪੁਰਾਣੇ ਨੇਮ ਦੀਆਂ ਸਿੱਖਿਆਵਾਂ ਦਾ ਵਿਰੋਧ ਕੀਤਾ ਜਾਂ ਇਸ ਵਿੱਚ ਸੁਧਾਰ ਕੀਤਾ। ਇੰਨ੍ਹਾਂ ਪ੍ਰਸਿੱਧ ਵਚਨਾਂ ਨੂੰ ਸੁਣੋ। ਮੱਤੀ 5:21-22 ਵਿੱਚ ਅਸੀਂ ਖ਼ੂਨ ਕਰਨ ਦੇ ਬਾਰੇ ਇਹ ਵਚਨ ਪੜਦੇ ਹਾਂ।

> ਤੁਸਾਂ ਸੁਣਿਆਂ ਹੈ ਜੋ ਅਗਲਿਆਂ ਨੂੰ ਇਹ ਕਿਹਾ ਗਿਆ ਸੀ, ਤੂੰ ਖ਼ੂਨ ਨਾ ਕਰ ਅਤੇ ਜੋ ਕੋਈ ਖ਼ੂਨ ਕਰੇ ਸੋ ਅਦਾਲਤ ਵਿੱਚ ਸਜ਼ਾ ਦੇ ਲਾਇਕ ਹੋਵੇਗਾ ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਹਰੇਕ ਜੋ ਆਪਣੇ ਭਰਾ ਉੱਤੇ ਕ੍ਰੋਧ ਕਰੇ ਉਹ ਅਦਾਲਤ ਵਿੱਚ ਸਜ਼ਾ ਦੇ ਲਾਇਕ ਹੋਵੇਗਾ ਅਤੇ ਜਿਹੜਾ ਆਪਣੇ ਭਰਾ ਨੂੰ ਗਾਲ ਦੇਵੇ ਉਹ ਸਭਾ ਵਿੱਚ ਸਜ਼ਾ ਦੇ ਅਤੇ ਜਿਹੜਾ ਆਪਣੇ ਭਰਾ ਨੂੰ ਗਾਲ ਦੇਵੇ ਉਹ ਸਭਾ ਵਿੱਚ ਸਜ਼ਾ ਦੇ ਲਾਇਕ ਹੋਵੇਗਾ ਪਰ ਜਿਹੜਾ ਕਹੇ "ਮੂਰਖਾ" ਉਹ ਅਗਨ ਦੇ ਨਰਕ ਦੀ ਸਜ਼ਾ ਦੇ ਲਾਇਕ ਹੋਵੇਗਾ (ਮੱਤੀ 5:21-22)

ਮੱਤੀ 5:27-28 ਵਿੱਚ ਯਿਸੂ ਨੇ ਵਿਭਚਾਰ ਦੇ ਬਾਰੇ ਇਸ ਪ੍ਰਕਾਰ ਦੱਸਿਆ:

> ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਭਈ ਤੂੰ ਜ਼ਨਾਹ ਨਾ ਕਰ। ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ। (ਮੱਤੀ 5:27-28)

ਮੱਤੀ 5:31-32 ਵਿੱਚ ਯਿਸੂ ਨੇ ਤਲਾਕ ਦੇ ਬਾਰੇ ਗੱਲ ਕੀਤੀ:

ਅਤੇ ਇਹ ਵੀ ਕਿਹਾ ਗਿਆ ਸੀ ਭਈ ਜਿਹੜਾ ਆਪਣੀ ਤੀਵੀਂ ਨੂੰ ਤਿਆਗੇ ਉਹ ਉਸ ਨੂੰ ਤਿਆਗ ਪੱਤਰੀ ਲਿਖ ਦੇਵੇ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਜਿਹੜਾ ਆਪਣੀ ਤੀਵੀਂ ਨੂੰ ਹਰਾਮਕਾਰੀ ਤੋਂ ਛੁੱਟ ਕਿਸੇ ਹੋਰ ਸਬੱਬ ਨਾਲ ਤਿਆਗੇ ਉਹ ਉਸ ਕੋਲੋਂ ਜ਼ਨਾਹ ਕਰਾਉਂਦਾ ਹੈ ਅਤੇ ਜੋ ਕੋਈ ਉਸ ਤਿਆਗੀ ਹੋਈ ਨਾਲ ਵਿਆਹ ਕਰੇ ਸੋ ਜਨਾਹ ਕਰਦਾ ਹੈ। (ਮੱਤੀ 5:31-32)।

ਮੱਤੀ 5:33-34 ਵਿੱਚ ਅਸੀਂ ਸੌਂਹ ਚੁੱਕਣ ਦੇ ਬਾਰੇ ਯਿਸੂ ਦਾ ਵਿਚਾਰ ਸੁਣਦੇ ਹਾਂ:

ਫੇਰ ਤੁਸਾਂ ਸੁਣਿਆ ਹੈ ਜੋ ਅਗਲਿਆਂ ਨੂੰ ਇਹ ਕਿਹਾ ਗਿਆ ਸੀ ਭਈ ਤੂੰ ਝੂਠੀ ਸੌਂਹ ਨਾ ਖਾਹ ਪਰ ਪ੍ਰਭੁ ਦੇ ਲਈ ਆਪਣੀਆਂ ਸੌਂਹਾਂ ਪੂਰੀਆਂ ਕਰ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਕਦੀ ਵੀ ਸੌਂਹ ਨਾ ਖਾਣੀ, ਨਾ ਅਕਾਸ਼ ਦੀ ਇਸ ਲਈ ਜੋ ਉਹ ਪਰਮੇਸ਼ੁਰ ਦਾ ਸਿੰਘਾਸਣ ਹੈ। (ਮੱਤੀ 5:33-34)।

ਮੱਤੀ 5:38-39 ਵਿੱਚ ਯਿਸੂ ਨੇ ਬਦਲਾ ਲੈਣ ਦੀ ਗੱਲ ਕੀਤੀ:

ਤੁਸਾਂ ਸੁਣਿਆ ਹੈ ਜੋ ਕਿਹਾ ਗਿਆ ਸੀ ਕਿ ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ, ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਦੁਸ਼ਟ ਦਾ ਸਾਹਮਣਾ ਨਾ ਕਰਨਾ ਸਗੋਂ ਜੋ ਕੋਈ ਤੇਰੀ ਸੱਜੀ ਗੱਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੀ ਵੱਲ ਭੁਆ ਦਿਹ (ਮੱਤੀ 5:38-39)

ਅਤੇ ਅੰਤ ਵਿੱਚ ਯਿਸੂ ਨੇ ਆਪਣੇ ਦੁਸ਼ਮਣਾਂ ਨਾਲ ਪਿਆਰ ਕਰਨ ਦੇ ਬਾਰੇ ਮੱਤੀ 5:43-44 ਵਿੱਚ ਗੱਲ ਕੀਤੀ:

ਤੁਸਾਂ ਸੁਣਿਆਂ ਹੈ ਜੋ ਇਹ ਕਿਹਾ ਗਿਆ ਸੀ ਕਿ ਤੂੰ ਆਪਣੇ ਗੁਆਂਢੀ ਨਾਲ ਪਿਆਰ ਕਰ ਅਤੇ ਆਪਣੇ ਵੈਰੀ ਨਾਲ ਵੈਰ ਰੱਖ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ (ਮੱਤੀ 5:43-44)

ਮਸੀਹ ਦੇ ਪੈਰੋਕਾਰਾਂ ਨੂੰ ਸਹਿਮਤ ਹੋਣਾ ਚਾਹੀਦਾ ਹੈ ਕਿ ਯਿਸੂ ਪਰਮੇਸ਼ੁਰ ਦਾ ਸਰਵਉੱਚ ਪ੍ਰਕਾਸ਼ ਹੈ ਅਤੇ ਇਹ ਕਿ ਉਸਦੀ ਸਿੱਖਿਆ ਪੁਰਾਣੇ ਨੇਮ ਦੀਆਂ ਸਿੱਖਿਆਵਾਂ ਨਾਲੋਂ ਕਿਤੇ ਜਿਆਦਾ ਭਰਪੂਰ ਸਨ। ਉਸਨੇ ਮਨਾਂ ਨੂੰ ਛੇਦ ਦਿੱਤਾ ਅਤੇ ਪੁਰਾਣੇ ਨੇਮ ਦਾ ਅਜਿਹਾ ਖੁਲਾਸਾ ਕੀਤਾ ਜੋ ਪਹਿਲਾਂ ਕਦੇ ਨਹੀਂ ਹੋਇਆ ਸੀ। ਪਰ ਦੁੱਖਪੂਰਵਕ ਬਹੁਤ ਸਾਰੇ ਮਸੀਹੀਆਂ ਨੇ ਇਹ ਸਿੱਟਾ ਕੱਢ ਲਿਆ ਹੈ ਕਿ ਖੂਨ ਕਰਨ, ਵਿਭਚਾਰ, ਤਲਾਕ, ਸੌਂਹ, ਬਦਲਾ ਲੈਣ ਅਤੇ ਵੈਰੀਆਂ ਨਾਲ ਪਿਆਰ ਕਰਨ ਦੇ ਬਾਰੇ ਯਿਸੂ ਦੇ ਵਿਚਾਰ ਪੁਰਾਣੇ ਨੇਮ ਦੇ ਉੱਲਟ ਹਨ।

ਬਹੁਤ ਸਾਰੇ ਵਿਸ਼ਵਾਸੀ ਗਲਤੀ ਨਾਲ ਇਹ ਵਿਸ਼ਵਾਸ ਕਰਦੇ ਹਨ ਕਿ ਯਿਸੂ ਨੇ ਆਪਣੇ ਖੁਦ ਦੀਆਂ ਸਪੱਸ਼ਟ ਨਿਰਦੇਸ਼ਾਂ ਦੇ ਹੱਕ ਵਿੱਚ ਪੁਰਾਣੇ ਨੇਮ ਦੀਆਂ ਸਿੱਖਿਆਵਾਂ ਨੂੰ ਰੱਦ ਕਰ ਦਿੱਤਾ ਸੀ। ਹੁਣ, ਜੇਕਰ ਇਸ ਪ੍ਰਸਿੱਧ ਦ੍ਰਿਸ਼ਟੀਕੋਣ

ਸੱਚਾਈ ਦੇ ਨੇੜੇ ਕਿਤੇ ਵੀ ਹੈ, ਤਾਂ ਸਾਡੇ ਕੋਲ ਇਹ ਸੋਚਣ ਦਾ ਚੰਗਾ ਕਾਰਨ ਹੈ ਕਿ ਯਿਸੂ ਸਾਨੂੰ ਪੁਰਾਣੇ ਨੇਮ ਦੇ ਨੈਤਿਕ ਅਧਿਕਾਰ ਤੋਂ ਦੂਰ ਕਰਨ ਲਈ ਆਇਆ ਸੀ। ਪਰ ਜਦੋਂ ਅਸੀਂ ਮੱਤੀ 5 ਵਿੱਚ ਯਿਸੂ ਨੇ ਅਸਲ ਵਿੱਚ ਜੋ ਕਿਹਾ ਸੀ ਉਸ ਉੱਤੇ ਵਧੇਰੇ ਧਿਆਨ ਨਾਲ ਵਿਚਾਰ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਦ੍ਰਿਸ਼ਟੀਕੋਣ ਕਾਫ਼ੀ ਨਹੀਂ ਹੈ। ਯਿਸੂ ਨੇ ਕਿਸੇ ਵੀ ਤਰੀਕੇ ਨਾਲ ਪੁਰਾਣੇ ਨੇਮ ਦਾ ਖੰਡਨ ਨਹੀਂ ਕੀਤਾ। ਇਸ ਦੀ ਬਜਾਇ, ਉਸਨੇ ਇਸਦੇ ਅਧਿਕਾਰ ਦੀ ਪੁਸ਼ਟੀ ਕੀਤੀ ਅਤੇ ਆਪਣੇ ਜ਼ਮਾਨੇ ਵਿੱਚ ਪੁਰਾਣੇ ਨੇਮ ਦੀਆਂ ਆਮ ਗਲਤਫਹਿਮੀਆਂ ਦਾ ਖੰਡਨ ਕੀਤਾ।

ਪੁਰਾਣੇ ਨੇਮ ਨਾਲ ਅਸਹਿਮਤ ਹੋਣ ਦੀ ਬਜਾਏ ਯਿਸੂ ਨੇ ਉਨ੍ਹਾਂ ਤਰੀਕਿਆਂ ਦਾ ਖੰਡਨ ਕੀਤਾ ਜਿੰਨ੍ਹਾਂ ਨਾਲ ਬਹੁਤ ਸਾਰੇ ਫ਼ਰੀਸੀ ਅਤੇ ਗ੍ਰੰਥੀ ਇਸਦੀ ਵਿਆਖਿਆ ਕਰਦੇ ਸਨ। ਯਿਸੂ ਦੇ ਸਮੇਂ ਤੇ ਕੁਝ ਹੀ ਲੋਕਾਂ ਦੇ ਕੋਲ ਬਾਈਬਲ ਸਿੱਧੇ ਤੌਰ ਤੇ ਪੜਣ ਦਾ ਮੌਕਾ ਸੀ। ਇਸੇ ਕਾਰਨ ਕਰਕੇ, ਇਸਰਾਏਲ ਦੇ ਆਮ ਲੋਕ ਧਾਰਮਿਕ ਆਗੂਆਂ ਦੇ ਮੋਖਿਕ ਨਿਰਦੇਸ਼ਾਂ ਤੇ ਨਿਰਭਰ ਰਹਿੰਦੇ ਸਨ। ਪਰ ਪੁਰਾਣੇ ਨੇਮ ਦੀਆਂ ਸਿੱਖਿਆਵਾਂ ਨੂੰ ਸਿੱਧੇ ਤੌਰ ਤੇ ਸਿਖਾਉਣ ਦੀ ਬਜਾਏ ਫਰੀਸੀ ਅਤੇ ਗ੍ਰੰਥੀ ਆਪਣੇ ਨਿਰਦੇਸ਼ਾਂ ਨੂੰ ਜਿਆਦਾ ਉਨ੍ਹਾਂ ਪਰੰਪਰਾਵਾਂ ਤੋਂ ਲੈਂਦੇ ਸਨ ਜੋ ਉਨ੍ਹਾਂ ਨੇ ਖੁਦ ਇਸਦੇ ਨਾਲ ਜੋੜੀਆਂ ਸਨ। ਦੁੱਖਪੂਰਵਕ। ਇਹ ਪਰੰਪਰਾਵਾਂ ਮਨ ਦੀ ਸਥਿਤੀ ਦੀ ਜਗ੍ਹਾ ਬਾਹਰੀ ਆਗਿਆਕਾਰੀ ਤੇ ਕੇਂਦਰਿਤ ਸਨ – ਜੋ ਕਿ ਪੁਰਾਣੇ ਨੇਮ ਵਿੱਚ ਯਿਸੂ ਦੀ ਸਿੱਖਿਆ ਦਾ ਇੱਕ ਮੁੱਖ ਮੁੱਦਾ ਸੀ।

ਆਮ ਸ਼ਬਦਾਂ ਵਿੱਚ, ਯਿਸੂ ਨੇ ਆਪਣੀਆਂ ਉਨ੍ਹਾਂ ਹੀ ਸਿੱਖਿਆਵਾਂ ਦੇ ਉਲਟ ਗੱਲ ਕੀਤੀ – ਜੋ ਕਿ ਪੁਰਾਣੇ ਨੇਮ ਦੀਆਂ ਸਿੱਖਿਆਵਾਂ ਦੇ ਨਾਲ ਮੇਲ ਖਾਂਦੀਆਂ ਸਨ – ਉਸ ਵਿਚਾਰ ਦੇ ਨਾਲ ਕਿ ਇਹ "ਕਿਹਾ" ਅਤੇ "ਸੁਣਿਆ" ਗਿਆ ਹੈ। ਜਦੋਂ ਯਿਸੂ ਅਤੇ ਨਵੇਂ ਨੇਮ ਦੇ ਹੋਰਨਾਂ ਸੇਵਕਾਂ ਨੇ ਪੁਰਾਣੇ ਨੇਮ ਦਾ ਹਵਾਲਾ ਦਿੱਤਾ ਤਾਂ ਉਨ੍ਹਾਂ ਸਦਾ ਇਸਦੀ ਗੱਲ "ਲਿਖੇ ਹੋਏ" ਅਤੇ "ਪੜੇ ਜਾਣ ਵਾਲੇ" ਦੇ ਤੌਰ ਤੇ ਕੀਤੀ। ਅਤੇ ਨਵੇਂ ਨੇਮ ਦੇ ਵਿੱਚ ਯਿਸੂ ਨੇ ਕਿਸੇ ਵੀ ਅਜਿਹੀ ਸਿੱਖਿਆ ਦਾ ਵਿਰੋਧ ਨਹੀਂ ਕੀਤਾ ਜੋ ਇਸ ਪ੍ਰਕਾਰ ਕਿਹਾ ਗਿਆ ਸੀ। ਇਸ ਲਈ ਪਹਾੜੀ ਉਪਦੇਸ਼ ਦੇ ਵਿੱਚ ਯਿਸੂ ਪੁਰਾਣੇ ਨੇਮ ਦੇ ਵਿੱਚ ਲਿਖੇ ਵਚਨਾਂ ਦੇ ਨਾਲ ਅਸਹਿਮਤੀ ਨਹੀਂ ਪ੍ਰਗਟਾ ਰਿਹਾ ਸੀ, ਪਰ ਉਹ ਇਸਰਾਏਲ ਦੇ ਸਿੱਖਿਅਕਾਂ ਦੁਆਰਾ ਬਣਾਈਆਂ ਮੋਖਿਕ ਪਰੰਪਰਾਵਾਂ ਦਾ ਵਿਰੋਧ ਕਰ ਰਿਹਾ ਸੀ। ਇਸ ਰੋਸ਼ਨੀ ਦੇ ਵਿੱਚ ਸਾਨੂੰ ਯਿਸੂ ਦੁਆਰਾ ਮੋਖਿਕ ਅਰਥਾਂ ਦੇ ਬਾਰੇ ਕਹੀਆਂ ਗੱਲਾਂ ਨੂੰ ਵਧੇਰੇ ਧਿਆਨ ਨਾਲ ਵੇਖਣ ਦੀ ਜਰੂਰਤ ਹੈ।

> ਜਦੋਂ ਯਿਸੂ ਨੇ ਆਪਣੇ ਪਹਾੜੀ ਉਪਦੇਸ਼ ਦੇ ਵਿੱਚ ਇੰਨ੍ਹਾਂ ਸਬਦਾਂ ਦਾ ਉਪਯੋਗ ਕਰਦੇ ਹੋਏ ਗੱਲ ਕੀਤੀ, "ਤੁਸੀਂ ਇਹ ਸੁਣਿਆ ਹੈ, ਪਰ ਮੈਂ ਤੁਹਾਨੂੰ ਕਹਿੰਦਾ ਹਾਂ" ਤਾਂ ਅਜਿਹਾ ਕਰਕੇ ਉਹ ਪੁਰਾਣੇ ਨੇਮ ਦੀ ਸ਼ਰਾ ਨੂੰ ਰੱਦ ਨਹੀਂ ਕਰ ਰਿਹਾ। ਇਸਦੀ ਬਜਾਏ ਉਹ ਬਹੁਤ ਸਪੱਸ਼ਟਤਾ ਦੇ ਨਾਲ ਇਸਦੇ ਉਲਟ ਗੱਲ ਕਰਦਾ ਹੈ, ਕਿ ਮੈਂ ਸ਼ਰਾ ਨੂੰ ਪੂਰਿਆਂ ਕਰਨ ਆਇਆ ਹਾਂ।" ਪਰ ਯਿਸੂ ਜੋ ਕਰ ਰਿਹਾ ਹੈ ਉਹ ਇਹ ਹੈ ਕਿ ਉਹ ਇੱਕ ਜਾਣੀ-ਪਛਾਣੀ ਰਬੀਨੀ ਤਕਨੀਕ ਦੀ ਵਰਤੋਂ ਕਰ ਰਿਹਾ ਹੈ ਜਿਸਦੀ ਵਰਤੋਂ ਸ਼ਰਾ ਦੇ ਸਿਖਾਉਣ ਵਾਲੇ ਆਪਣੀ ਸਿੱਖਿਆ ਦੇ ਅਧਿਕਾਰ ਬਾਰੇ ਗੱਲ ਕਰਨ ਲਈ ਕਰਦੇ ਸਨ। "ਤੁਸੀਂ ਸੁਣਿਆ ਹੈ ਕਿ ਅਲੱਗ-ਅਲੱਗ ਲੋਕ ਪੁਰਾਣੇ ਨੇਮ ਦੀ ਸ਼ਰਾ ਬਾਰੇ ਇਹ ਪਰੰਪਰਾ ਸਿਖਾਉਂਦੇ ਹਨ, ਪਰ ਮੈਂ ਤੁਹਾਨੂੰ ਕਹਿੰਦਾ ਹਾਂ..." ਅਤੇ ਇਹ ਮੌਜੂਦਾ ਅਤੇ ਵਧੇਰੇ ਅਧਿਕਾਰ ਦੇ ਨਾਲ ਆਉਂਦਾ ਹੈ। ਅਤੇ ਇਸ ਲਈ, ਯਿਸੂ ਆਪਣੀ ਸਿੱਖਿਆ ਦੇ ਅਧਿਕਾਰ ਨੂੰ ਇੱਕ ਪ੍ਰਸਿੱਧ ਸਿੱਖਿਆ ਤਕਨੀਕ ਦੇ ਨਾਲ ਸਥਾਪਿਤ ਕਰ ਰਿਹਾ ਹੈ, ਪਰ ਉਹ ਅਜਿਹਾ ਪੁਰਾਣੇ ਨੇਮ ਨੂੰ ਰੱਦ ਕਰਨ ਦੇ ਲਈ ਨਹੀਂ, ਪਰ ਕੁਝ ਅਜਿਹਾ ਕਰਨ ਦੇ ਲਈ ਧਰਮ ਸਿੱਖਿਆ ਅਤੇ

**ਮਸੀਹ ਸਿੱਖਿਆ ਦੇ ਨਾਲ ਸੰਬੰਧਿਤ ਸੀ - ਇਹ ਕਿ ਪੁਰਾਣੇ ਨੇਮ ਦੀ ਸ਼ਰਾ ਦੀ ਵਿਆਖਿਆ ਮੇਰੇ ਅਤੇ ਸ਼ਰਾ ਦੀ ਸਿੱਖਿਆ ਅਨੁਸਾਰ ਹੋਣਾ ਚਾਹੀਦਾ ਹੈ।**

**– ਡਾ. ਗਰੀਗਰੀ ਆਰ. ਪੈਰੀ**

ਆਉ ਉਨਾਂ ਵਿਰੋਧਾਂ ਬਾਰੇ ਫਿਰ ਸੋਚੀਏ ਜੋ ਯਿਸੂ ਨੇ ਲਿਆਂਦੇ। ਕਤਲ ਦੇ ਮੁੱਦੇ ਦੇ ਸਬੰਧ ਵਿੱਚ, ਬਹੁਤ ਸਾਰੇ ਲੋਕ ਮੰਨਦੇ ਹਨ ਕਿ ਯਿਸੂ ਨੇ ਨਫ਼ਰਤ ਨੂੰ ਸ਼ਾਮਲ ਕਰਨ ਲਈ ਕਤਲ ਦੇ ਵਿਰੁੱਧ ਮਨਾਹੀ ਦਾ ਵਿਸਥਾਰ ਕੀਤਾ ਸੀ। ਪਰ ਇਹ ਸਮਝਣਾ ਮਹੱਤਵਪੂਰਨ ਹੈ ਕਿ ਪੁਰਾਣੇ ਨੇਮ ਨੇ ਨਾ ਸਿਰਫ਼ ਕਤਲ ਦੀ ਨਿੰਦਾ ਕੀਤੀ ਹੈ; ਇਸ ਨੇ ਪਰਮੇਸ਼ੁਰ ਦੇ ਲੋਕਾਂ ਵਿੱਚਕਾਰ ਆਪਸੀ ਮਤਭੇਦ ਦੀ ਵੀ ਨਿਖੇਧੀ ਕੀਤੀ ਜਬੂਰ 133:1 ਦੇ ਵਿੱਚ ਪਰਮੇਸ਼ੁਰ ਦੇ ਲੋਕਾਂ ਵਿੱਚਕਾਰ ਆਪਸੀ ਸ਼ਾਂਤੀ ਅਤੇ ਸਦਭਾਵਨਾ ਨੂੰ ਬਹੁਤ ਚੰਗੇ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ:

ਵੇਖੋ, ਕਿੰਨਾ ਚੰਗਾ ਤੇ ਸੋਹਣਾ ਹੈ ਕਿ ਭਰਾ ਮਿਲ ਜੁੱਲ ਕੇ ਵੱਸਣ! (ਜ਼ਬੂਰਾਂ ਦੀ ਪੋਥੀ 133:1)

ਯਿਸੂ ਦੇ ਸਮੇਂ ਵਿੱਚ ਪ੍ਰਸਿੱਧ ਪਰੰਪਰਾਵਾਂ ਦੇ ਅਨੁਸਾਰ ਯਹੂਦੀਆਂ ਵਿੱਚਕਾਰ ਨਫ਼ਰਤ ਅਤੇ ਮਤਭੇਦ ਨੂੰ ਮਾਫ਼ ਕੀਤਾ ਜਾ ਸਕਦਾ ਸੀ ਜਦੋਂ ਤੱਕ ਉਹ ਸਰੀਰਕ ਕਤਲ ਨਹੀਂ ਕਰਦੇ ਸਨ। ਇਸ ਦੇ ਉਲਟ, ਯਿਸੂ ਨੇ ਕਤਲ ਦੀ ਮਨਾਹੀ ਨੂੰ ਨਫ਼ਰਤ ਦੇ ਵਿਰੁੱਧ ਮਨਾਹੀ ਨਾਲ ਜੋੜ ਕੇ ਅਸਲ ਪੁਰਾਣੇ ਨੇਮ ਦੇ ਮਿਆਰਾਂ ਨੂੰ ਮੁੜ ਸਥਾਪਿਤ ਕੀਤਾ।

ਵਿਭਚਾਰ ਦੇ ਬਾਰੇ, ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਯਿਸੂ ਨੇ ਮਨ ਦੇ ਵਿਭਚਾਰ ਨੂੰ ਜੋੜ ਕੇ ਪੁਰਾਣੇ ਨੇਮ ਵਿੱਚ ਦੱਸੇ ਸਰੀਰਕ ਵਿਭਚਾਰ ਤੋਂ ਪਰੇ ਦੀ ਗੱਲ ਕੀਤੀ। ਪਰ ਕੂਚ 20:17 ਵਿੱਚ ਦਸਵਾਂ ਹੁਕਮ ਇਸ ਪ੍ਰਕਾਰ ਹੈ:

ਤੂੰ ਆਪਣੇ ਗੁਆਂਢੀ ਦੀ ਤੀਵੀਂ ਦਾ ਜਾਂ ਉਸਦੇ ਨੌਕਰ, ਨੌਕਰਾਣੀ, ਜਾਂ ਬਲਦ, ਜਾਂ ਗਧੇ ਜਾਂ ਗੁਆਂਢੀ ਦੀ ਕਿਸੇ ਚੀਜ਼ ਦਾ ਲਾਲਚ ਨਾ ਕਰ (ਕੂਚ 20:17)

ਇੱਥੇ, ਪੁਰਾਣਾ ਨੇਮ ਸਾਫ ਤੌਰ ਤੇ ਕਿਸੇ ਦੇ ਜੀਵਨ ਸਾਥੀ ਦਾ ਲਾਲਚ ਕਰਨ ਤੋਂ ਮਨ੍ਹਾ ਕਰਦਾ ਹੈ – ਦੂਸਰੇ ਸ਼ਬਦਾਂ ਦੇ ਵਿੱਚ ਮਨ ਦੇ ਵਿਭਚਾਰ ਤੋਂ। ਯਿਸੂ ਦਾ ਵਿਚਾਰ ਪੁਰਾਣੇ ਨੇਮ ਦੀ ਸ਼ਰਾ ਨੂੰ ਰੱਦ ਨਹੀਂ ਕਰਦਾ, ਸਗੋਂ ਇਸਨੂੰ ਪੱਕਿਆਂ ਕਰਦਾ ਹੈ। ਯਿਸੂ ਦੇ ਸਮੇਂ ਵਿੱਚ ਬਹੁਤ ਸਾਰੇ ਧਾਰਮਿਕ ਆਗੂ ਮੰਨਦੇ ਸਨ ਕਿ ਕੋਈ ਪੁਰਸ਼ ਕਿਸੇ ਵੀ ਅਭਿਆਸਕ ਕਾਰਨ

ਕਰਕੇ ਤਲਾਕ ਦੇ ਸਕਦਾ ਸੀ। ਉਹ ਸੋਚਦੇ ਸਨ ਕਿ ਜੇਕਰ ਉਹ ਸਹੀ ਕਾਨੂੰਨੀ ਦਸਤਾਵੇਜ਼ ਵਰਤਦੇ ਹਨ ਤਾਂ ਪੁਰਾਣੇ ਨੇਮ ਦੀ ਸ਼ਰਾ ਉਨ੍ਹਾਂ ਨੂੰ ਅਜਿਹਾ ਕਰਨ ਦਾ ਅਧਿਕਾਰ ਦਿੰਦੀ ਹੈ, ਪਰ ਪੁਰਾਣਾ ਨੇਮ ਸਪੱਸ਼ਟ ਰੂਪ ਨਾਲ; ਇਹ ਦੱਸਦਾ ਹੈ ਕਿ ਪਰਮੇਸ਼ੁਰ ਵਿਵਹਾਰ ਦੀ ਮੰਨਜੂਰੀ ਨਹੀਂ ਦਿੰਦਾ। ਜਿਵੇਂ ਅਸੀ ਮਲਾਕੀ 2:16 ਵਿੱਚ ਪੜਦੇ ਹਾਂ:

"ਪ੍ਰਭੂ। ਇਸਰਾਏਲ ਦਾ ਪਰਮੇਸ਼ੁਰ ਕਹਿੰਦਾ ਹੈ, "ਮੈਂ ਤਲਾਕ ਤੋਂ ਨਫ਼ਰਤ ਕਰਦਾ ਹਾਂ (ਮਲਾਕੀ 2:16)

ਮੱਤੀ 19:3-9 ਵਿੱਚ ਯਿਸੂ ਤਲਾਕ ਦੇ ਬਾਰੇ ਆਪਣੇ ਵਿਚਾਰ ਦੀ ਵਧੇਰੇ ਵਿਆਖਿਆ ਕਰਦਾ ਹੈ। ਉੱਥੇ ਉਸਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਉਸਦਾ ਤਲਾਕ ਦਾ ਵਿਰੋਧ ਪੁਰਾਣੇ ਨੇਮ ਤੇ ਹੀ ਆਧਾਰਿਤ ਹੈ, ਜੋ ਖਾਸ ਕਰਕੇ ਆਦਮ ਅਤੇ ਹਵਾ ਦੀ ਰਚਨਾ ਦੀ ਵਾਰਤਾ ਦੇ ਆਧਾਰ ਤੇ ਹੈ

ਸਹੁੰ ਖਾਣ ਦੇ ਅਭਿਆਸ ਦੇ ਸੰਬੰਧ ਵਿਚ, ਯਿਸੂ ਦੇ ਸਮੇਂ ਵਿੱਚ ਕੁਝ ਰੱਬੀ ਲੋਕ ਸਿਖਾਉਂਦੇ ਸਨ ਕਿ ਝੂਠ ਬੋਲਣ ਦੀ ਇਜਾਜ਼ਤ ਉਦੋਂ ਤਕ ਸੀ ਜਦੋਂ ਤਕ ਕੋਈ ਵਿਅਕਤੀ ਆਪਣੇ ਬਚਨ ਨੂੰ ਪੂਰਾ ਕਰਨ ਦੀ ਸਹੁੰ ਨਹੀਂ ਖਾਂਦਾ। ਯਿਸੂ ਇਸ ਸਿੱਖਿਆ ਨਾਲ ਸਹਿਮਤ ਨਹੀਂ ਸੀ ਅਤੇ ਉਸਨੇ ਜ਼ੋਰ ਦੇ ਕੇ ਕਿਹਾ ਕਿ ਪੁਰਾਣੇ ਨੇਮ ਦੇ ਵਿੱਚ ਸਾਰੇ ਝੂਠ ਬੋਲਣ ਦੀ ਮਨਾਹੀ ਕੀਤੀ ਹੈ, ਨਾ ਕਿ ਸਿਰਫ਼ ਸਹੁੰਆਂ ਦੀ ਉਲੰਘਣਾ ਕਰਨ ਵਾਲੇ ਝੂਠ ਦੀ।

> ਤਿੰਨ ਅਜਿਹੀਆਂ ਗੱਲਾਂ ਹਨ ਜਿਸ ਤੋਂ ਯਹੋਵਾਹ ਨਫ਼ਰਤ ਕਰਦਾ ਹੈ, ਸਗੋਂ ਸੱਤ ਜਿਸ ਤੋਂ ਉਹ ਘ੍ਰਿਣਾ ਕਰਦਾ ਹੈ: ਘਮੰਡੀ ਅੱਖਾਂ ਅਤੇ ਝੂਠੀ ਜੀਭ... (ਕਹਾਉਤਾਂ 6:16-17)।

ਇਸੇ ਲਈ ਯਿਸੂ ਨੇ ਮੱਤੀ 5:37 ਵਿੱਚ ਕਿਹਾ:

> ਤੁਹਾਡੀ ਹਾਂ ਵਿੱਚ "ਹਾਂ" ਅਤੇ ਨਾਂਹ ਵਿੱਚ "ਨਾਂਹ" ਹੋਵੇ। (ਮੱਤੀ 5:37)

ਯਿਸੂ ਪੁਰਾਣੇ ਨੇਮ ਦੇ ਨਾਲ ਅਸਹਿਮਤ ਨਹੀਂ ਹੋਇਆ,ਪਰ ਉਸਨੇ ਵਿਖਾਇਆ ਕਿ ਫ਼ਰੀਸੀਆਂ ਅਤੇ ਗ੍ਰੰਥੀਆਂ ਦੀਆਂ ਮੌਖਿਕ ਪਰੰਪਰਾਵਾਂ ਪੁਰਾਣੇ ਨੇਮ ਦੀ ਸਿੱਖਿਆ ਅਨੁਸਾਰ ਨਹੀਂ ਸਨ। ਬਦਲੇ ਦੇ ਬਾਰੇ ਵਿੱਚ ਕੂਚ 21:24 ਵਿੱਚ ਦੱਸੇ ਵਚਨ ਨੂੰ ਯਿਸੂ ਦੇ ਸਮੇਂ ਵਿੱਚ ਨਿੱਜੀ ਬਦਲੇ ਦੀ ਮਨਜ਼ੂਰੀ ਦੇ ਵੱਜੋਂ ਲਿਆ ਜਾਂਦਾ ਸੀ।

ਇਹ ਮੰਨਿਆ ਜਾਂਦਾ ਸੀ ਕਿ ਜਦ ਕਦੇ ਵੀ ਕੋਈ ਤੁਹਾਡੇ ਨਾਲ ਕੁਝ ਗ਼ਲਤ ਕਰਦਾ ਹੈ ਤਾਂ ਤੁਹਾਡੇ ਕੋਲ ਉਨ੍ਹਾਂ ਦਾ ਉਸੇ ਪ੍ਰਕਾਰ ਦਾ ਨੁਕਸਾਨ ਕਰਨ ਦਾ ਅਧਿਕਾਰ ਹੈ। ਪਰ ਮੂਲ ਤੌਰ ਤੇ ਇਹ ਨਿਆਂਈਆਂ ਦੇ ਲਈ ਮੂਸਾ ਦੀ ਸ਼ਰਾ ਸੀ। ਇਹ ਨਿਆਂ ਦੇ ਸਥਾਨ ਤੇ ਨਿਆਂਈਆਂ ਦੇ ਲਈ ਨਿਰਧਾਰਿਤ ਗਿਆ ਸੀ। ਜਿਵੇਂ ਕਿ ਸਾਡੇ ਆਪਣੇ ਜ਼ਮਾਨੇ ਵਿੱਚ, ਜੱਜਾਂ ਨੂੰ ਕੀਤੇ ਗਏ ਅਪਰਾਧਾਂ ਲਈ ਨਿਰਪੱਖ ਅਤੇ ਅਨੁਪਾਤਕ ਤੌਰ 'ਤੇ ਆਪਣੇ ਫੈਸਲੇ ਅਤੇ ਸਜ਼ਾਵਾਂ ਦੇਣੀਆਂ ਹੁੰਦੀਆਂ ਹਨ।

ਮੂਸਾ ਨੇ ਇਸ ਮਿਆਰ ਨੂੰ ਆਪਸੀ ਮਾਮਲਿਆਂ 'ਤੇ ਲਾਗੂ ਕਰਨ ਦਾ ਇਰਾਦਾ ਨਹੀਂ ਸੀ। ਇਸਦੀ ਬਜਾਏ ਪੁਰਾਣੇ ਨੇਮ ਨੇ ਸਿਖਾਇਆ ਕਿ ਆਮ, ਪ੍ਰਤੀਦਿਨ ਦੇ ਜੀਵਨ ਨੂੰ ਦਯਾ ਅਤੇ ਕਿਰਪਾ ਨਾਲ ਚਲਾਇਆ ਜਾਣਾ ਚਾਹੀਦਾ ਹੈ। ਜਿਵੇਂ ਲੇਵੀਆਂ ਦੀ ਪੋਥੀ 19:18 ਕਹਿੰਦਾ ਹੈ:

> ਤੂੰ ਆਪਣੇ ਹੀ ਲੋਕਾਂ ਦੇ ਪੁੱਤਰਾਂ ਦੇ ਵਿਰੁੱਧ ਕ੍ਰੋਧ ਨਾ ਰੱਖ ਅਤੇ ਬਦਲਾ ਨਾ ਲੈ...ਮੈਂ ਯਹੋਵਾਹ ਹਾਂ (ਲੇਵੀਆਂ 19:18)

ਯਿਸੂ ਸ਼ਰਾ ਦੀਆਂ ਉਨ੍ਹਾਂ ਝੂਠੀਆਂ ਵਿਆਖਿਆਵਾਂ ਦੇ ਨਾਲ ਸਹਿਮਤ ਨਹੀਂ ਹੋਇਆ ਜੋ ਅਦਾਲਤਾਂ ਦੇ ਵਿੱਚ ਨਿਆਂਈਆਂ ਦੇ ਲਈ ਬਣਾਏ ਗਏ ਸਨ, ਅਤੇ ਉਸਨੇ ਇਸ ਗੱਲ ਨੂੰ ਪੱਕਿਆਂ ਕੀਤਾ ਕਿ ਪੁਰਾਣੇ ਨੇਮ ਦੀ ਸਿੱਖਿਆ ਦੇ ਅਨੁਸਾਰ ਆਪਸੀ ਸੰਬੰਧਾਂ ਦੇ ਵਿੱਚ ਦਯਾ ਵਿਖਾਉਣ ਦੇ ਲਈ ਕਿਹਾ ਗਿਆ ਹੈ। ਅੰਤ ਵਿੱਚ ਵੈਰੀਆਂ ਦੇ ਨਾਲ ਪਿਆਰ

ਕਰਨ ਦੇ ਬਾਰੇ, ਯਿਸੂ ਦੇ ਸਮੇਂ ਦੇ ਕੁਝ ਸਿੱਖਿਅਕ ਸਿਖਾਉਂਦੇ ਸਨ ਕਿ ਦੁਸ਼ਮਣਾਂ ਦੇ ਨਾਲ ਨਫ਼ਰਤ ਕਰਨ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ। ਉਹ ਸਪੱਸ਼ਟ ਤੌਰ ਤੇ ਲੇਵੀਆਂ 19:18 ਤੋਂ ਲੈ ਰਹੇ ਸਨ – ਕਿ ਆਪਣੇ ਗੁਆਂਢੀਆਂ ਦੇ ਨਾਲ ਪਿਆਰ ਕਰੋ। ਅਤੇ ਇਹ ਕਿ ਦੁਸ਼ਮਣਾਂ ਦੇ ਨਾਲ ਨਫ਼ਰਤ ਕਰਨਾ ਵੀ ਇਸੇ ਪ੍ਰਕਾਰ ਢੁੱਕਵੀਂ ਗੱਲ ਹੈ। ਪਰ ਪੁਰਾਣਾ ਨੇਮ ਸਾਨੂੰ ਸਾਡੇ ਵੈਰੀਆਂ ਦੇ ਨਾਲ ਪਿਆਰ ਕਰਨ ਦੇ ਲਈ ਕਹਿੰਦਾ ਹੈ। ਉਦਾਹਰਨ ਦੇ ਲਈ ਕੂਚ 23:4 ਕਹਿੰਦਾ ਹੈ:

> ਜੇਕਰ ਤੂੰ ਆਪਣੇ ਦੁਸ਼ਮਣ ਦੇ ਬਲਦ ਜਾਂ ਗਧੇ ਨੂੰ ਦੂਰ ਜਾਂਦਾ ਹੋਇਆ ਵੇਖੇਂ, ਤਾਂ ਇਸਨੂੰ ਉਸਦੇ ਕੋਲ ਵਾਪਿਸ ਮੋੜ ਲੈ ਆ। (ਕੂਚ 23:4)।

ਇਸ ਲਈ, ਜਿਵੇਂ ਕਿ ਅਸੀਂ ਹੁਣੇ ਵੇਖਿਆ ਹੈ, ਯਿਸੂ ਨੇ ਆਪਣੇ ਵਿਚਾਰਾਂ ਨੂੰ ਪੁਰਾਣੇ ਨੇਮ ਦੇ ਵਿਚਾਰਾਂ ਨਾਲੋਂ ਅਲੱਗ ਨਹੀਂ ਕੀਤਾ। ਇਸ ਦੀ ਬਜਾਏ, ਉਸਨੇ ਆਪਣੇ ਸਮੇਂ ਦੀਆਂ ਝੂਠੀਆਂ ਵਿਆਖਿਆਵਾਂ ਦਾ ਵਿਰੋਧ ਕੀਤਾ ਅਤੇ ਪੁਰਾਣੇ ਨੇਮ ਦੀਆਂ ਸੱਚੀਆਂ ਸਿੱਖਿਆਵਾਂ ਨੂੰ ਮੁੜ ਦੁਹਰਾਇਆ।

> **ਜਦੋਂ ਯਿਸੂ ਇਸ ਪ੍ਰਕਾਰ ਕਹਿੰਦਾ ਹੈ ਪਹਾੜੀ ਉਪਦੇਸ਼ ਵਿੱਚ ਇਹ "ਤੁਸੀਂ ਸੁਣਿਆ ਹੈ ਕਿ ਇਹ ਕਿਹਾ ਗਿਆ ਸੀ, ਪਰ ਹੁਣ ਮੈਂ ਤੁਹਾਨੂੰ ਦੱਸਦਾ ਹਾਂ", ਤਾਂ ਮੈਂ ਸੋਚਦਾ ਹਾਂ ਕਿ ਇਸ ਨੂੰ ਵੇਖਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਯਿਸੂ ਸ਼ਰਾ ਦੇ ਸਹੀ ਅਰਥਾਂ ਨੂੰ ਪ੍ਰਾਪਤ ਕਰ ਰਿਹਾ ਹੈ। ਅਜਿਹਾ ਨਹੀਂ ਹੈ ਕਿ ਉਹ ਕੁਝ ਨਵਾਂ ਪੇਸ਼ ਕਰ ਰਿਹਾ ਹੈ, ਪਰ ਉਹ ਇਸਨੂੰ ਇਸ ਪ੍ਰਕਾਰ ਪ੍ਰਗਟ ਕਰ ਰਿਹਾ ਹੈ, ਕਿ ਇੱਕ ਅਰਥ ਵਿੱਚ, ਪਰਮੇਸ਼ੁਰ ਇਸ ਸਭ ਦੇ ਦੁਆਰਾ ਕੀ ਚਾਹੁੰਦਾ ਸੀ। ਇਸ ਲਈ ਜਦੋਂ ਬਿਵਸਥਾ ਕਹਿੰਦੀ ਹੈ, "ਤੂੰ ਵਿਭਚਾਰ ਨਾ ਕਰ," ਪਰਮੇਸ਼ੁਰ ਨੇ ਕਦੇ ਵੀ ਆਪਣੇ ਲੋਕਾਂ ਨੂੰ ਇਹ ਸੋਚਣ ਦਾ ਇਰਾਦਾ ਨਹੀਂ ਸੀ ਕਿ ਉਹ ਉਨ੍ਹਾਂ ਔਰਤਾਂ ਵੱਲ ਵਾਸਨਾ ਨਾਲ ਵੇਖਣ ਤੋਂ ਦੂਰ ਹੋ ਸਕਦੇ ਹਨ ਜੋ ਉਨ੍ਹਾਂ ਦੀਆਂ ਪਤਨੀਆਂ ਨਹੀਂ ਹਨ, ਜਾਂ ਇੱਥੋਂ ਤੱਕ ਕਿ ਆਪਣੀਆਂ ਪਤਨੀਆਂ ਨੂੰ ਵੀ ਕਾਮਨਾ ਨਾਲ ਦੇਖਣ ਤੋਂ ਬਚ ਸਕਦੇ ਹਨ। ਇਸ ਲਈ, ਯਿਸੂ ਇੱਕ ਨਵੀਂ ਲੋੜ ਦੀ ਸ਼ੁਰੂਆਤ ਨਹੀਂ ਕਰ ਰਿਹਾ ਹੈ, ਉਹ ਸਪੱਸ਼ਟ ਕਰ ਰਿਹਾ ਹੈ ਕਿ ਸ਼ਰਾ ਵਿੱਚ ਪਹਿਲਾਂ ਹੀ ਕੀ ਸ਼ਾਮਲ ਹੈ।**
>
> **— ਡਾ ਜੇਮਸ ਐਮ. ਹਾਮੀਲਟਨ**

ਹੁਣ ਜਦੋਂ ਅਸੀਂ ਯਿਸੂ ਦੀਆਂ ਕੁਝ ਸਿੱਖਿਆਵਾਂ ਨੂੰ ਵੇਖਿਆ ਹੈ ਜੋ ਕਿ ਬਹੁਤ ਸਾਰੇ ਲੋਕ ਪੁਰਾਣੇ ਨੇਮ ਬਾਰੇ ਯਿਸੂ ਦੀਆਂ ਨਕਾਰਾਤਮਕ ਟਿੱਪਣੀਆਂ ਨੂੰ ਗ਼ਲਤ ਢੰਗ ਨਾਲ ਮੰਨਦੇ ਹਨ, ਸਾਨੂੰ ਕਈ ਹਵਾਲਿਆਂ ਵੱਲ ਮੁੜਨਾ ਚਾਹੀਦਾ ਹੈ ਜਿਸ ਵਿੱਚ ਯਿਸੂ ਨੇ ਆਪਣੇ ਪਿੱਛੇ ਚੱਲਣ ਵਾਲਿਆਂ ਦੇ ਲਈ ਪੁਰਾਣੇ ਨੇਮ ਦੇ ਅਧਿਕਾਰ ਅਤੇ ਸਾਰਥਕਤਾ ਦੀ ਸਕਾਰਾਤਮਕ ਪੁਸ਼ਟੀ ਕੀਤੀ ਹੈ।

## ਸਕਾਰਾਤਮਕ ਪੁਸ਼ਟੀਆਂ

ਇੰਜੀਲਾਂ ਦੇ ਵਿੱਚ ਅਜਿਹੇ ਅਣਗਿਣਤ ਹਵਾਲੇ ਹਨ ਜੋ ਪੁਰਾਣੇ ਨੇਮ ਦੇ ਸ਼ਾਸਤਰਾਂ ਦੇ ਪੂਰੇ ਅਧਿਕਾਰ ਅਤੇ ਪ੍ਰਸੰਗਿਕਤਾ ਬਾਰੇ ਸਪੱਸ਼ਟ ਤੌਰ 'ਤੇ ਮਸੀਹ ਦੇ ਸਕਾਰਾਤਮਕ ਨਜ਼ਰੀਏ ਨੂੰ ਦਰਸਾਉਂਦੇ ਹਨ। ਉਸਨੇ ਅਕਸਰ ਪੁਰਾਣੇ ਨੇਮ ਨੂੰ ਆਪਣੀਆਂ ਸਿੱਖਿਆਵਾਂ ਦੇ ਅਧਾਰ ਵਜੋਂ ਦਰਸਾਇਆ। ਅਤੇ ਸਾਨੂੰ ਪਹਾੜ 'ਤੇ ਜਲਾਲੀ ਹੋਣ ਦੇ ਉਸ ਦ੍ਰਿਸ਼ ਨੂੰ ਨਹੀਂ ਭੁੱਲਣਾ ਚਾਹੀਦਾ ਜਿੱਥੇ ਯਿਸੂ ਸ਼ਰਾ ਦੇਣ ਵਾਲੇ ਮੂਸਾ ਅਤੇ ਏਲੀਯਾਹ ਨਬੀ ਦੇ ਵਿਚਕਾਰ ਖੜ੍ਹਾ ਸੀ। ਸਾਰੀਆਂ ਚਾਰ ਇੰਜੀਲਾਂ ਯਿਸੂ ਦੀ ਸੰਪੂਰਨ ਧਾਰਮਿਕਤਾ ਉੱਤੇ ਜ਼ੋਰ ਦਿੰਦੀਆਂ ਹਨ - ਬਿਵਸਥਾ ਅਤੇ ਨਬੀਆਂ ਪ੍ਰਤੀ ਉਸਦੀ ਪੂਰੀ ਅਧੀਨਗੀ। ਯਿਸੂ ਪੁਰਾਣੇ ਨੇਮ ਦੀ ਸਿੱਖਿਆ ਦੇ ਅਧੀਨ ਰਹਿੰਦਾ ਸੀ। ਉਹ ਉਨ੍ਹਾਂ ਸਾਰਿਆਂ ਨੂੰ ਪੂਰਾ ਕਰਨ ਲਈ ਆਇਆ ਅਤੇ ਉਸਨੇ ਆਪਣੇ ਚੇਲਿਆਂ ਨੂੰ ਵੀ ਅਜਿਹਾ ਕਰਨ ਲਈ ਬੁਲਾਇਆ। ਸੁਣੋ ਕਿ ਯਿਸੂ ਨੇ ਮੱਤੀ 5:17-18 ਵਿੱਚ ਕੀ ਕਿਹਾ:

> ਇਹ ਨਾ ਸਮਝੋ ਕਿ ਮੈਂ ਤੁਰੇਤ ਜਾਂ ਨਬੀਆਂ ਨੂੰ ਖੰਡਣ ਆਇਆ ਹਾਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ। ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇੱਕ ਅੱਖਰ ਯਾ ਇੱਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ। (ਮੱਤੀ 5:17-18)।

ਇੱਥੇ ਯਿਸੂ ਨੇ ਜ਼ੋਰ ਦਿੱਤਾ ਕਿ ਉਹ ਤੁਰੇਤ ਅਤੇ ਨਬੀਆਂ (ਪਹਿਲੀ ਸਦੀ ਵਿੱਚ ਸਾਰੇ ਪੁਰਾਣੇ ਨੇਮ ਨੂੰ ਇਸੇ ਤਰ੍ਹਾਂ ਸੰਬੋਧਿਤ ਕੀਤਾ ਜਾਂਦਾ ਸੀ) ਨੂੰ ਖੰਡਣ ਦੇ ਲਈ ਨਹੀਂ ਆਇਆ। ਅਸਲ ਵਿੱਚ ਅਸੀਂ 17 ਵਚਨ ਦਾ ਅਨੁਵਾਦ ਸਾਧਾਰਨ ਤੌਰ ਤੇ ਨਹੀਂ ਕਿ "ਇਸ ਤਰ੍ਹਾਂ ਨਾ ਸੋਚੋ" ਪਰ ਇਹ ਕਿ "ਇਸ ਤਰ੍ਹਾਂ ਸੋਚੋ ਵੀ ਨਾ" ਇਸ ਲਈ ਜਦੋਂ ਯਿਸੂ ਨੇ ਕਿਹਾ ਕਿ ਇਸਦਾ ਹਰੇਕ ਅੱਖਰ ਅਤੇ ਬਿੰਦੀ ਵੀ ਪੂਰੀ ਹੋਵੇਗੀ। ਤਾਂ ਉਸਨੇ ਪੁਰਾਣੇ ਨੇਮ ਦੀ ਲਿਖਤ ਦੀ ਸੰਪੂਰਨ ਪੁਸ਼ਟੀ ਕੀਤੀ। ਦੁੱਖਪੂਰਵਕ ਬਹੁਤ ਸਾਰੇ ਮਸੀਹੀ ਇੰਨ੍ਹਾਂ ਵਚਨਾਂ ਨੂੰ ਪੜਦੇ ਸਮੇਂ ਇਸ ਪ੍ਰਕਾਰ ਸੋਚਦੇ ਹਨ, "ਮੈਂ ਇਸ ਲਈ ਨਹੀਂ ਆਇਆ ਕਿ ਪੁਰਾਣੇ ਨੇਮ ਤੋਂ ਛੁਟਕਾਰਾ ਪਾਇਆ ਜਾ ਸਕੇ ਪਰ ਮੈਂ ਇਸਨੂੰ ਬੇਤੁਕਾ ਬਣਾਉਣ ਆਇਆ ਹਾਂ।" ਪਰ ਇਹ ਸਹੀ ਨਹੀਂ ਸੀ। ਮੱਤੀ 5:19 ਵਿੱਚ ਯਿਸੂ ਦੁਆਰਾ ਬੋਲੇ ਗਏ ਸ਼ਬਦਾਂ ਨੂੰ ਸੁਣੋ:

> ਸੋ ਜੋ ਕੋਈ ਇੰਨ੍ਹਾਂ ਸਭਨਾਂ ਤੋਂ ਛੋਟਿਆਂ ਹੁਕਮਾਂ ਵਿੱਚੋਂ ਇੱਕ ਨੂੰ ਵੀ ਟਾਲ ਦੇਵੇ ਅਤੇ ਇਸੇ ਤਰਾਂ ਮਨੁੱਖਾਂ ਨੂੰ ਸਿਖਲਾਵੇ ਸੋ ਸੁਰਗ ਦੇ ਰਾਜ ਵਿੱਚ ਸਭਨਾਂ ਨਾਲੋਂ ਛੋਟਾ ਕਹਾਵੇਗਾ ਪਰ ਜਿਹੜਾ ਉਨ੍ਹਾਂ ਦੀ ਪਾਲਨਾ ਕਰੇ ਅਤੇ ਸਿਖਲਾਵੇ ਉਹ ਸੁਰਗ ਦੇ ਰਾਜ ਵਿੱਚ ਵੱਡਾ ਕਹਾਵੇਗਾ (ਮੱਤੀ 5:19)।

ਧਿਆਨ ਦਿਓ ਕਿ ਯਿਸੂ ਨੇ ਇਸ ਹਵਾਲੇ ਵਿਚ ਕੀ ਕਿਹਾ ਸੀ। ਜੇ ਲੋਕ ਪਾਲਣਾ ਕਰਨ ਵਿਚ ਅਸਫਲ ਰਹਿੰਦੇ ਹਨ, ਜਾਂ ਜੇ ਉਹ ਦੂਸਰਿਆਂ ਨੂੰ, ਇੱਥੋਂ ਤਕ ਕਿ ਛੋਟੇ ਤੋਂ ਛੋਟੇ ਹੁਕਮਾਂ ਨੂੰ ਵੀ ਅਣਡਿੱਠ ਕਰਨ ਲਈ ਉਤਸ਼ਾਹਿਤ ਕਰਦੇ ਹਨ, ਤਾਂ ਉਹ "ਸਵਰਗ ਦੇ ਰਾਜ ਵਿਚ ਸਭ ਤੋਂ ਛੋਟੇ" ਹੋਣਗੇ। ਅਤੇ ਜੋ ਕੋਈ ਵੀ ਪਾਲਣਾ ਕਰਦਾ ਹੈ, ਅਤੇ ਦੂਜਿਆਂ ਨੂੰ ਪਾਲਣਾ ਕਰਨਾ ਸਿਖਾਉਂਦਾ ਹੈ, ਉਹ ਸਭ ਤੋਂ ਛੋਟੇ ਹੁਕਮਾਂ ਨੂੰ ਵੀ "ਸਵਰਗ ਦੇ ਰਾਜ ਵਿੱਚ ਮਹਾਨ" ਹੋਵੇਗਾ।"

ਯਿਸੂ ਆਪਣੇ ਸਮੇਂ ਦੇ ਯਹੂਦੀਆਂ ਬਾਰੇ ਕੁਝ ਅਜਿਹਾ ਜਾਣਦਾ ਸੀ ਜੋ ਅੱਜ ਦੇ ਵਿਸ਼ਵਾਸੀਆਂ ਲਈ ਵੀ ਸੱਚ ਹੈ।

ਅਸੀਂ ਸਾਰੇ ਪੁਰਾਣੇ ਨੇਮ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਵਿੱਚ ਬਹੁਤ ਚੋਣਵੇਂ ਹੁੰਦੇ ਹਾਂ। ਅਸੀਂ ਉਹਨਾਂ ਹਿੱਸਿਆਂ ਵੱਲ ਧਿਆਨ ਦਿੰਦੇ ਹਾਂ ਜੋ ਅਸੀਂ ਪਸੰਦ ਕਰਦੇ ਹਾਂ ਅਤੇ ਉਹਨਾਂ ਨੂੰ ਅਣਡਿੱਠ ਕਰਦੇ ਹਾਂ, ਜਾਂ ਇੱਥੋਂ ਤੱਕ ਕਿ ਅਸਵੀਕਾਰ ਕਰਦੇ ਹਾਂ, ਜਿੰਨ੍ਹਾਂ ਭਾਗਾਂ ਨੂੰ ਜੋ ਅਸੀਂ ਪਸੰਦ ਨਹੀਂ ਕਰਦੇ ਹਾਂ। ਪਰ ਯਿਸੂ ਨੇ ਜ਼ੋਰ ਦੇ ਕੇ ਕਿਹਾ ਕਿ ਉਸਦੇ ਚੇਲਿਆਂ ਨੂੰ ਪੂਰੇ ਪੁਰਾਣੇ ਨੇਮ ਦੇ ਕੁਝ ਭਾਗਾਂ ਦੀ ਹੀ ਨਹੀਂ ਸਗੋਂ ਹਰੇਕ ਵੇਰਵੇ ਦੀ ਪੁਸ਼ਟੀ ਕਰਨੀ ਚਾਹੀਦੀ ਹੈ ਅਤੇ ਉਸਦੀ ਪਾਲਣਾ ਕਰਨੀ ਚਾਹੀਦੀ ਹੈ। ਸੁਣੋ ਯਿਸੂ ਮੱਤੀ 5:20 ਵਿੱਚ ਇਸਦਾ ਬਿਆਨ ਕਿਵੇਂ ਕਰਦਾ ਹੈ:

> ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜਦ ਤੱਕ ਤੁਹਾਡੀ ਧਾਰਮਿਕਤਾ ਫ਼ਰੀਸੀਆਂ ਅਤੇ ਗ੍ਰੰਥੀਆਂ ਦੇ ਧਰਮ ਤੋਂ ਵਧੀਕ ਨਹੀਂ ਹੋਵੇਗੀ ਤਾਂ ਤੁਸੀਂ ਕਦੇ ਵੀ ਸਵਰਗ ਦੇ ਰਾਜ ਵਿੱਚ ਦਾਖਿਲ ਨਹੀਂ ਹੋ ਸਕੋਗੇ (ਮੱਤੀ 5:20)।

ਮਸੀਹ ਦੇ ਪੈਰੋਕਾਰਾਂ ਨੂੰ ਅਜਿਹੇ ਕਪਟ ਵਿੱਚ ਕਦੇ ਪੈਣਾ ਨਹੀਂ ਚਾਹੀਦਾ ਜਿਸ ਵਿੱਚ ਅਸੀਂ ਵਿਸ਼ਵਾਸ ਤਾਂ ਕਰੀਏ ਕਿ ਪੁਰਾਣਾ ਨੇਮ ਪਰਮੇਸ਼ੁਰ ਦਾ ਵਚਨ ਹੈ ਪਰ ਇਸਦੀ ਆਗਿਆਕਾਰੀ ਕਰਨ ਵਿੱਚ ਅਸਫਲ ਹੋ ਜਾਈਏ।

> ਪੁਰਾਣੇ ਨੇਮ ਦੇ ਬਾਰੇ, ਲੂਕਾ 24 ਵਿੱਚ ਜੀ ਉੱਠਿਆ ਯਿਸੂ ਇਮਾਊਸ ਦੀ ਰਾਹ ਤੇ ਚੇਲਿਆਂ ਨੂੰ ਮਿਲਦਾ ਹੈ ਅਤੇ ਉਨ੍ਹਾਂ ਨੂੰ ਪੁਰਾਣੇ ਨੇਮ ਦਾ ਅਧਿਐਨ ਕਰਵਾਉਂਦਾ ਹੈ, ਅਤੇ ਉਨ੍ਹਾਂ ਨੂੰ ਆਪਣੇ ਬਾਰੇ ਸਾਰੇ ਸ਼ਾਸਤਰਾਂ ਦੀਆਂ ਗੱਲਾਂ ਦੱਸਦਾ ਹੈ। ਹੁਣ ਇਸਦਾ ਅਰਥ ਇਹ ਹੈ ਕਿ ਯਿਸੂ ਨੇ ਪੁਰਾਣੇ ਨੇਮ ਨੂੰ ਆਪਣੇ ਬਾਰੇ ਇੱਕ ਮਹੱਤਵਪੂਰਨ ਸੰਕੇਤ ਵੱਜੋਂ ਵੇਖਿਆ। ਇਹ ਇੰਝ ਹੈ ਜਿਵੇਂ ਉਹ ਕਹਿ ਰਿਹਾ ਹੋਵੇ, ਵੇਖੋ, ਹੋ ਸਕਦਾ ਹੈ ਕਿ ਤੁਹਾਡੇ ਕੋਲ ਜੀ ਉੱਠਣਾ ਹੋਵੇ, ਮੇਰਾ ਜੀ ਉੱਠਣਾ, ਅਤੇ ਇਹ ਬਹੁਤ ਵਧੀਆ ਹੈ, ਪਰ ਇਹ ਨਾ ਸੋਚੋ ਕਿ ਹੁਣ ਤੁਸੀਂ ਮੈਨੂੰ ਪਾ ਲਿਆ ਹੈ ਅਤੇ ਤੁਹਾਨੂੰ ਲਿਖੇ ਵਚਨ ਦੀ ਜਰੂਰਤ ਨਹੀਂ ਹੈ ਜਾਂ ਪਿਛੋਕੜ ਦੀ ਜਰੂਰਤ ਨਹੀਂ ਹੈ। ਸਗੋਂ ਹੁਣ ਤੁਹਾਨੂੰ ਇਸਦੀ ਜਿਆਦਾ ਜਰੂਰਤ ਹੈ ਤਾਂ ਕਿ ਤੁਸੀਂ ਮੇਰੇ ਬਾਰੇ ਅਤੇ ਸੰਸਾਰ ਦੇ ਬਾਰੇ ਪਰਮੇਸ਼ੁਰ ਦੇ ਮਕਸਦ ਨੂੰ ਸਮਝ ਸਕੋ।ਇਸ ਲਈ, ਅਸੀਂ ਯਿਸੂ ਨੂੰ ਪੁਰਾਣੇ ਨੇਮ ਦੀ ਪੁਸ਼ਟੀ ਕਰਦੇ ਹੋਏ ਦੇਖਦੇ ਹਾਂ, ਅਤੇ ਹੋਰ ਬਹੁਤ ਸਾਰੇ ਮਾਮਲਿਆਂ ਵਿੱਚ. ਮੇਰਾ ਮਤਲਬ ਹੈ, ਜਦੋਂ ਉਹ ਪਰਤਾਇਆ ਜਾਂਦਾ ਹੈ, ਉਹ ਸਿਰਫ਼ ਦੁਹਰਾਉਂਦਾ ਰਹਿੰਦਾ ਹੈ, "ਇਹ ਲਿਖਿਆ ਹੋਇਆ ਹੈ... ਇਹ ਲਿਖਿਆ ਹੋਇਆ ਹੈ... ਇਹ ਲਿਖਿਆ ਹੋਇਆ ਹੈ..." ਇਹ ਸਵਾਮੀ ਸਾਨੂੰ ਦਿਖਾਉਂਦਾ ਹੈ ਕਿ ਜੇ ਉਹ ਧਰਮ-ਗ੍ਰੰਥ ਨੂੰ ਸੌਂਪਿਆ ਗਿਆ ਸੀ, ਤਾਂ ਸਾਨੂੰ ਉਸਦੇ ਪੈਰੋਕਾਰਾਂ ਨੂੰ ਹੋਰ ਕਿੰਨਾ ਕੁ ਹੋਣਾ ਚਾਹੀਦਾ ਹੈ।
>
> — ਡਾ. ਪੀਟਰ ਵਾਕਰ

ਹੁਣ ਜਦੋਂ ਅਸੀਂ ਦੇਖਿਆ ਹੈ ਕਿ ਯਿਸੂ ਦੀਆਂ ਸਿੱਖਿਆਵਾਂ ਨੇ ਅੱਜ ਸਾਡੇ ਲਈ ਪੁਰਾਣੇ ਨੇਮ ਦੀ ਸਾਰਥਕਤਾ ਦੀ ਪੁਸ਼ਟੀ ਕੀਤੀ ਹੈ, ਸਾਨੂੰ ਨਵੇਂ ਨੇਮ ਦੇ ਇੱਕ ਹੋਰ ਹਿੱਸੇ, ਪੌਲੁਸ ਰਸੂਲ ਦੀਆਂ ਸਿੱਖਿਆਵਾਂ ਵੱਲ ਸੰਖੇਪ ਰੂਪ ਵਿੱਚ ਮੁੜਨਾ ਚਾਹੀਦਾ ਹੈ।.

## ਪੌਲੁਸ ਦੀਆਂ ਸਿੱਖਿਆਵਾਂ

ਜਿਆਦਾਤਰ ਸ਼ੁਭਸਮਾਚਾਰ ਵਿਚਾਰਧਾਰਾ ਆਧਾਰਿਤ ਮਸੀਹੀ ਨਵੇਂ ਨੇਮ ਵਿੱਚ ਪੌਲੁਸ ਦੀਆਂ ਪੱਤ੍ਰੀਆਂ ਉੱਤੇ ਬਹੁਤ ਜਿਆਦਾ ਨਿਰਭਰ ਹੁੰਦੇ ਹਨ। ਪਰ ਅਸੀਂ ਮਸੀਹੀ ਜੀਵਨ ਲਈ ਪੁਰਾਣੇ ਨੇਮ ਦੀ ਸਾਰਥਕਤਾ ਪ੍ਰਤੀ ਪੌਲੁਸ ਦੇ ਰਵੱਈਏ ਨੂੰ ਗ਼ਲਤ ਸਮਝਦੇ ਹਾਂ। ਵਾਰ-ਵਾਰ, ਚੰਗੇ ਅਰਥ ਰੱਖਣ ਵਾਲੇ ਮਸੀਹੀਆਂ ਨੇ ਦਲੀਲ ਦਿੱਤੀ ਹੈ ਕਿ ਪੌਲੁਸ ਨੇ ਮਸੀਹ ਦੇ ਪੈਰੋਕਾਰਾਂ ਨੂੰ ਪੁਰਾਣੇ ਨੇਮ ਦੇ ਅਧਿਕਾਰ ਤੋਂ ਮੁਕਤ ਕੀਤਾ ਸੀ। ਪਰ, ਜਿਵੇਂ ਕਿ ਬਹੁਤ ਸਾਰੇ ਅਰਥ ਕਰਨ ਵਾਲੇ ਸੰਕੇਤ ਕਰਦੇ ਹਨ, ਪੌਲੁਸ ਅਤੇ ਯਿਸੂ ਵਿਚਕਾਰ ਇਨ੍ਹਾਂ ਮਾਮਲਿਆਂ ਵਿਚ ਸੰਪੂਰਨ ਏਕਤਾ ਸੀ। ਯਿਸੂ ਵਾਂਗ, ਪੌਲੁਸ ਨੇ ਆਪਣੇ ਸਮੇਂ ਵਿਚ ਪੁਰਾਣੇ ਨੇਮ ਦੇ ਸ਼ਾਸਤਰਾਂ ਨੂੰ ਗਲਤ ਤਰੀਕੇ ਨਾਲ ਵਰਤਣ ਦੇ ਤਰੀਕਿਆਂ ਦਾ ਵਿਰੋਧ ਕੀਤਾ, ਪਰ ਉਸ ਨੇ ਮਸੀਹੀ ਜੀਵਨ ਲਈ ਉਨ੍ਹਾਂ ਦੇ ਬਿਨਾਂ ਪ੍ਰਸ਼ਨ ਅਧਿਕਾਰ ਅਤੇ ਮਹੱਤਤਾ 'ਤੇ ਜ਼ੋਰ ਦਿੱਤਾ।

ਅਸੀਂ ਪੌਲੁਸ ਦੀਆਂ ਸਿੱਖਿਆਵਾਂ ਦੀ ਪੜਚੋਲ ਉਸੇ ਪ੍ਰਕਾਰ ਕਰਾਂਗੇ ਜਿਵੇਂ ਅਸੀਂ ਇੰਨ੍ਹਾਂ ਮੁੱਦਿਆਂ ਦੇ ਬਾਰੇ ਯਿਸੂ ਦੇ ਦ੍ਰਿਸ਼ਟੀਕੋਣ ਨੂੰ ਵੇਖਿਆ ਸੀ। ਪਹਿਲਾਂ ਅਸੀਂ ਉਨ੍ਹਾਂ ਵਚਨਾਂ ਤੇ ਝਾਤੀ ਮਾਰਾਂਗੇ ਜਿੱਥੇ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪੌਲੁਸ ਨੇ ਪੁਰਾਣੇ ਨੇਮ ਬਾਰੇ ਨਕਾਰਾਤਮਕ ਟਿੱਪਣੀਆਂ ਕੀਤੀਆਂ ਹਨ। ਦੂਸਰਾ, ਅਸੀਂ ਉਸ ਦੁਆਰਾ ਮਸੀਹ ਦੇ ਪੈਰੋਕਾਰਾਂ ਦੇ ਬਾਰੇ ਪੁਰਾਣੇ ਨੇਮ ਦੀਆਂ ਪੁਸ਼ਟੀਆਂ ਦੇ ਵੱਲ ਵੇਖਾਂਗੇ। ਆਉ ਪਹਿਲਾਂ ਵੇਖੀਏ ਕਿ ਕਿ ਪੁਰਾਣੇ ਨੇਮ ਦੇ ਪ੍ਰਤੀ ਪੌਲੁਸ ਦੀਆਂ ਕਿਹੜੀਆਂ ਟਿੱਪਣੀਆਂ ਨਕਾਰਾਤਮਕ ਪ੍ਰਤੀਤ ਹੁੰਦੀਆਂ ਹਨ।

### ਨਕਾਰਾਤਮਕ ਟਿੱਪਣੀਆਂ

ਗਲਾਤੀਆਂ 3:1-5 ਦੇ ਇੰਨ੍ਹਾਂ ਪ੍ਰਸਿੱਧ ਵਚਨਾਂ ਨੂੰ ਸੁਣੋ।

> ਹੇ ਮੂਰਖ ਗਲਾਤੀਓ, ਕਿਹ ਨੇ ਤੁਹਾਡੇ ਉੱਤੇ ਜਾਦੂ ਪਾ ਲਏ ਜਿਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਯਿਸੂ ਮਸੀਹ ਸਲੀਬ ਉੱਤੇ ਚਾੜ੍ਹਿਆ ਹੋਇਆ ਸਰੀਹਣ ਪਰਸਿੱਧ ਕੀਤਾ ਗਿਆ? ਮੈਂ ਤੁਹਾਥੋਂ ਨਿਰਾ ਇੰਨਾ ਮਲੂਮ ਕਰਨਾ ਚਾਹੁੰਦਾ ਹਾਂ ਭਈ ਤੁਹਾਨੂੰ ਸ਼ਰਾ ਦੇ ਕੰਮਾਂ ਤੋਂ ਆਤਮਾ ਪਰਾਪਤ ਹੋਇਆ ਅਥਵਾ ਨਿਹਚਾ ਦੇ ਸੁਨੇਹੇ ਤੋਂ? ਕੀ ਤੁਸੀਂ ਇਹੋ ਜਿਹੇ ਮੂਰਖ ਹੋ? ਭਲਾ, ਆਤਮਾ ਦੁਆਰਾ ਆਰੰਭ ਕਰਕੇ ਤੁਸੀਂ ਹੁਣ ਸਰੀਰ ਦੁਆਰਾ ਸਮਾਪਤ ਕਰਦੇ ਹੋ? ਕੀ ਤੁਸਾਂ ਐਨਿਆਂ ਦੁਖਾਂ ਨੂੰ ਐਵੇਂ ਹੀ ਝੱਲਿਆ ਜੇ ਸੱਚੀ ਮੁੱਚੀ ਐਵੇਂ ਭੀ ਹੋਵੇ ! ਫੇਰ ਜਿਹੜਾ ਤੁਹਾਨੂੰ ਆਤਮਾ ਦਿੰਦਾ ਅਤੇ ਤੁਹਾਡੇ ਵਿੱਚ ਕਰਾਮਾਤਾਂ ਵਿਖਾਉਂਦਾ ਹੈ ਸੋ ਸ਼ਰਾ ਦੇ ਕੰਮਾਂ ਤੋਂ ਯਾ ਨਿਹਚਾ ਦੇ ਸੁਨੇਹੇ ਤੋਂ ਇਹ ਕਰਦਾ ਹੈ? (ਗਲਾਤੀਆਂ 3:1-5)।

ਧਿਆਨ ਦਿਓ ਕਿ ਇਸ ਵਚਨ ਦੇ ਵਿੱਚ ਪੌਲੁਸ ਨੇ “ਸ਼ਰਾ ਦੇ ਕੰਮਾਂ” ਅਤੇ “ਵਿਸ਼ਵਾਸ” ਨੂੰ ਦੋ ਉਲਟ ਚੀਜ਼ਾਂ ਦੇ ਰੂਪ ਵਿੱਚ ਪੇਸ਼ ਕੀਤਾ। ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਇਹ ਵਿਰੋਧਾਭਾਸ ਪੁਰਾਣੇ ਨੇਮ ਦੀ ਨੈਤਿਕ ਸਿੱਖਿਆ ਦੇ ਨਿਰਦੇਸ਼ ਅਤੇ ਨਵੇਂ ਨੇਮ ਦੀ ਨੈਤਿਕ ਸਿੱਖਿਆ ਜਾਂ ਮਸੀਹ ਜੀਵਨ ਸ਼ੈਲੀ ਵਿਚਾਲੇ ਵਿਰੋਧਾਭਾਸ ਨੂੰ ਦਰਸਾਉਂਦਾ ਹੈ।

ਇੰਨ੍ਹਾਂ ਅਤੇ ਅਜਿਹੇ ਹੋਰ ਵਚਨਾਂ ਦੇ ਕਰਕੇ ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਪੌਲੁਸ ਨੇ ਮਸੀਹ ਬੁਨਿਆਦੀ ਮਸੀਹੀ ਵਿਸ਼ਵਾਸ ਦੇ ਪੱਖ ਕਾਰਨ ਪੁਰਾਣੇ ਨੇਮ ਦੀ ਸਾਰਥਕਤਾ ਨੂੰ ਨਕਾਰ ਦਿੱਤਾ। ਅਸਲ ਵਿੱਚ ਬਹੁਤ ਸਾਰੇ ਮਸੀਹੀ ਇਹ ਵਿਵਾਦ ਕਰਦੇ ਹਨ ਪੁਰਾਣੇ ਨੇਮ ਨੂੰ ਆਪਣੀ ਅਧਿਕਾਰਕ ਅਗਵਾਈ ਸਮਝਣਾ ਸ਼ੁਭਸਮਾਚਾਰ ਤੋਂ ਮੁੜ ਜਾਣਾ ਹੈ। ਪਰ ਸਾਨੂੰ ਗਲਾਤੀਆਂ ਦੀ ਪੂਰੀ ਪੱਤ੍ਰੀ ਦੇ ਵੱਲ ਅਤੇ ਪੌਲੁਸ ਦੀਆਂ ਬਾਕੀ ਪੱਤ੍ਰੀਆਂ ਦੇ ਵੱਲ ਧਿਆਨ ਦੇਣਾ ਚਾਹੀਦਾ ਹੈ। ਉੱਥੇ ਅਸੀਂ ਵੇਖਦੇ ਹਾਂ ਕਿ ਯਿਸੂ ਦੀਆਂ ਹੀ ਸਿੱਖਿਆਵਾਂ ਦੀ ਤਰ੍ਹਾਂ ਪੌਲੁਸ ਪੁਰਾਣੇ ਨੇਮ ਦੇ ਵਿਰੋਧ ਵਿੱਚ ਨਹੀਂ ਸੀ। ਉਹ ਇਸਦੀ ਸਖ਼ਤ ਗੰਭੀਰ ਧਾਰਮਿਕ ਕਾਨੂੰਨੀ ਪਾਲਣਾ ਦੀ ਦੁਰਵਰਤੋਂ ਦੇ ਵਿਰੋਧ ਵਿੱਚ ਸੀ। ਸੁਣੋ ਕਿ ਗਲਾਤੀਆਂ 3:10-13 ਦੇ ਵਿੱਚ ਪੌਲੁਸ ਨੇਗਲਾਤਿਯਾ ਦੀਆਂ ਕਲੀਸਿਆਵਾਂ ਨੂੰ ਕਿਵੇਂ ਸੰਬੋਧਿਤ ਕੀਤਾ।

> ਕਿਉਂਕਿ ਜਿੰਨੇ ਸ਼ਰਾ ਦੇ ਕੰਮਾਂ ਉੱਤੇ ਭਰੋਸਾ ਰੱਖਦੇ ਹਨ ਓਹ ਸਰਾਪ ਦੇ ਹੇਠਾਂ ਹਨ ਕਿਉਂ ਜੋ ਇਹ ਲਿਖਿਆ ਹੋਇਆ ਹੈ ਕਿ ਸਰਾਪਤ ਹੋਵੇ ਹਰੇਕ ਜਿਹੜਾ ਉਨ੍ਹਾਂ ਸਭਨਾਂ ਗੱਲਾਂ ਦੇ ਕਰਨ ਵਿੱਚ ਜਿਹੜੀਆਂ ਸ਼ਰਾ ਦੇ ਪੁਸਤਕ ਵਿੱਚ ਲਿਖੀਆ ਹਨ ਲੱਗਾ ਨਹੀਂ ਰਹਿੰਦਾ। ਹੁਣ ਇਹ ਗੱਲ ਪਰਗਟ ਹੈ ਕਿ ਪਰਮੇਸ਼ੁਰ ਦੇ ਅੱਗੇ ਸ਼ਰਾ ਤੋਂ ਧਰਮੀ ਕੋਈ ਨਹੀਂ ਠਹਿਰਦਾ ਇਸ ਲਈ ਜੋ ਧਰਮੀ ਨਿਹਚਾ ਤੋਂ ਜੀਉਂਦਾ ਰਹੇਗਾ। ਅਤੇ ਸ਼ਰਾ ਨੂੰ ਨਿਹਚਾ ਨਾਲ ਕੁਝ ਵਾਸਤਾ ਨਹੀਂ ਸਗੋਂ ਜਿਹ ਨੇ ਓਹਨਾਂ ਹੁਕਮਾਂ ਦੀ ਪਾਲਨਾ ਕੀਤੀ ਸੋ ਓਹਨਾਂ ਤੋਂ ਜੀਉਂਦਾ ਰਹੇਗਾ। ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਕਿਉਂ ਜੋ ਲਿਖਿਆ ਹੋਇਆ ਹੈ ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ।( ਗਲਾਤੀਆਂ 3:10-13)।

ਇਹ ਵਚਨ ਵਿਖਾਉਂਦਾ ਹੈ ਕਿ ਪੌਲੁਸ ਨੇ ਉਨ੍ਹਾਂ ਝੂਠੇ ਸਿੱਖਿਅਕਾਂ ਦਾ ਵਿਰੋਧ ਕੀਤਾ ਜੋ ਧਰਮੀ ਠਹਿਰਾਏ ਜਾਣ ਦੇ ਲਈ ਸ਼ਰਾ ਦੀ ਆਗਿਆਕਾਰੀ ਤੇ ਨਿਰਭਰ ਰਹਿੰਦੇ ਸਨ। ਜਦੋਂ ਸਾਡੀ ਇਸ ਪ੍ਰਕਾਰ ਹੁੰਦੀ ਹੈ ਤਾਂ ਅਸੀਂ ਸ਼ਰਾਪਿਤ ਹੁੰਦੇ ਹਾਂ ਕਿਉਂਕਿ ਅਸੀਂ ਪਰਮੇਸ਼ੁਰ ਦੀ ਸ਼ਰਾ ਦੀ ਆਗਿਆਕਾਰੀ ਸੰਪੂਰਨਤਾਈ ਨਾਲ ਨਹੀਂ ਕਰ ਸਕਦੇ। ਸ਼ਰਾ ਦੇ ਸ਼ਰਾਪ ਤੋਂ ਬਚਣ ਦਾ ਇੱਕ ਮਾਤਰ ਤਰੀਕਾ ਮਸੀਹ ਤੇ ਵਿਸ਼ਵਾਸ ਕਰਨਾ ਹੈ ਜਿਸਨੇ ਪਰਮੇਸ਼ੁਰ ਦੇ ਸ਼ਰਾਪ ਨੂੰ ਆਪਣੇ ਤੇ ਲੈ ਲਿਆ।

ਪੌਲੁਸ ਨੇ ਕਦੇ ਵੀ ਪੁਰਾਣੇ ਨੇਮ ਦਾ ਵਿਰੋਧ ਨਹੀਂ ਕੀਤਾ। ਉਸਨੇ ਪੁਰਾਣੇ ਨੇਮ ਦੀ ਸਿੱਖਿਆ ਨੂੰ ਕਦੇ ਵੀ ਮਸੀਹੀਆਂ ਦੇ ਲਈ ਗੈਰ ਮਹੱਤਤਾ ਵਾਲੀ ਨਹੀਂ ਮੰਨਿਆ। ਇਸਦੀ ਬਜਾਏ ਉਸਨੇ ਅਜਿਹੇ ਝੂਠੇ ਸਿੱਖਿਅਕਾਂ ਦਾ ਵਿਰੋਧ ਕੀਤਾ ਜੋ ਦਾਅਵਾ ਕਰਦੇ ਸਨ ਕਿ ਮੁਕਤੀ ਮਸੀਹ ਤੇ ਵਿਸ਼ਵਾਸ ਕਰਨ ਦੀ ਬਜਾਏ ਸ਼ਰਾ ਦੀ ਆਗਿਆਕਾਰੀ ਕਰਨ ਤੇ ਨਿਰਭਰ ਹੈ। ਅਸਲ ਵਿੱਚ, ਗਲਾਤੀਆਂ ਨੂੰ ਲਿਖੀ ਪੱਤ੍ਰੀ ਦੇ ਵਿੱਚ ਪੌਲੁਸ ਨੇ ਅਸਲ ਵਿੱਚ ਉਸਦੇ ਨਵੇਂ ਨੇਮ ਦੀ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ ਦੀ ਸਿੱਖਿਆ ਨੂੰ ਪੁਰਾਣੇ ਨੇਮ ਤੋਂ ਸਾਬਿਤ ਕੀਤਾ। ਗਲਾਤੀਆਂ 3:11 ਵਿੱਚ ਇੱਕ ਵਾਰ ਫਿਰ ਤੋਂ ਪੌਲੁਸ ਦੇ ਸ਼ਬਦਾਂ ਨੂੰ ਸੁਣੋ ਜਿੱਥੇ ਉਸਨੇ ਗਲਾਤੀਆਂ 3:11 ਵਿੱਚ ਹੱਬਕੂਕ 2:4 ਦਾ ਹਵਾਲਾ ਦਿੱਤਾ:

> ਧਰਮੀ ਨਿਹਚਾ ਦੁਆਰਾ ਜਿਉਂਦਾ ਰਹੇਗਾ (ਗਲਾਤੀਆਂ 3:11)।

ਇਸੇ ਪ੍ਰਕਾਰ ਪੌਲੁਸ ਨੇ ਰੋਮੀਆਂ 4:1-12 ਦੇ ਵਿੱਚ ਅਬਰਾਹਾਮ ਦੇ ਜੀਵਨ ਬਾਰੇ ਪੁਰਾਣੇ ਨੇਮ ਦੇ ਸਿਧਾਂਤ ਦੀ ਗੱਲ ਕੀਤੀ। ਉਸਦੀ ਵਿਚਾਰਧਾਰਾ ਦੇ ਅਨੁਸਾਰ ਨਵੇਂ ਨੇਮ ਦੀ ਵਿਸ਼ਵਾਸ ਹੀ ਦੇ ਦੁਆਰਾ ਧਰਮੀ ਠਹਿਰਾਏ ਜਾਣ ਦੀ

ਸਿੱਖਿਆ ਦੀ ਜੜ੍ਹ ਪੁਰਾਣੇ ਨੇਮ ਦੇ ਵਿੱਚ ਹੀ ਹੈ।

> **ਪੌਲੁਸ... ਗੈਰ-ਜਾਤੀਆਂ ਦੇ ਲਈ ਰਸੂਲ ਸੀ ਪਰ ਉਹ ਆਪਣੇ ਗੁਰ-ਭਾਈਆਂ ਨੂੰ ਵੀ ਪਿਆਰ ਕਰਦਾ ਸੀ, ਜੋ ਉਸਦੇ ਯਹੂਦੀ ਭਰਾ ਸਨ। ਉਹ ਚਾਹੁੰਦਾ ਸੀ ਕਿ ਉਹ ਵੇਖਣ, ਉਹ ਚਾਹੁੰਦਾ ਸੀ ਕਿ ਉਹ ਪ੍ਰਭੂ ਯਿਸੂ ਮਸੀਹ ਦੇ ਨਾਲ ਇੱਕ ਜਿਉਂਦੇ ਸੰਬੰਧ ਦੇ ਵਿੱਚ ਆ ਜਾਣ, ਉਹ ਉਨ੍ਹਾਂ ਨੂੰ ਉਨ੍ਹਾਂ ਦੀ ਅਸਲ ਵਿਰਾਸਤ ਵਿਖਾਉਣ ਦੇ ਲਈ ਬਹੁਤ ਦੁੱਖ ਦੇ ਵਿੱਚ ਸੀ, ਜੋ ਕਿ ਪੁਰਾਣਾ ਨੇਮ ਸੀ, ਜੋ ਸਿਖਾਉਂਦਾ ਹੈ ਕਿ ਲੋਕਾਂ ਦੀ ਮੁਕਤੀ ਅਸਲ ਵਿੱਚ ਵਿਸ਼ਵਾਸ ਹੀ ਦੇ ਦੁਆਰਾ ਹੁੰਦੀ ਹੈ, ਅਤੇ ਉਸਨੇ ਵਿਸ਼ਵਾਸ ਦੇ ਪ੍ਰਮੁੱਖ ਪੁਰਖਿਆਂ ਦੀ ਗੱਲ ਕੀਤੀ ਜਿਵੇਂ ਕਿ ਅਬਰਾਹਾਮ, ਉਦਾਹਰਨ ਦੇ ਲਈ, ਜਿਸਨੇ ਇਹ ਦੱਸਿਆ ਕਿ ਇੱਥੋਂ ਤੱਕ ਕਿ ਸਾਡਾ ਪਿਤਾ ਅਬਰਾਹਾਮ ਵੀ ਵਿਸ਼ਵਾਸ ਹੀ ਦੇ ਦੁਆਰਾ ਬਚਾਇਆ ਗਿਆ ਸੀ। ਪੌਲੁਸ ਦੇ ਲਈ ਇਹ ਇੱਕ ਮਹੱਤਵਪੂਰਨ ਗੱਲ ਸੀ ਕਿ ਉਹ ਆਪਣੇ ਗੁਰ-ਭਾਈਆਂ ਨੂੰ ਮਨਾ ਸਕੇ ਕਿ ਜੋ ਸੰਦੇਸ਼ ਉਹ ਦੇ ਰਿਹਾ ਹੈ ਉਹ ਅਸਲ ਵਿੱਚ ਉਸਦੀ ਜੜ੍ਹ ਪੁਰਾਣੇ ਨੇਮ ਦੇ ਵਿੱਚ ਹੈ ਅਤੇ ਇਹ ਕਿ ਯਿਸੂ ਪੁਰਾਣੇ ਨੇਮ ਨੂੰ ਪੂਰਿਆਂ ਕਰਦਾ ਹੈ। ਇਸ ਲਈ, ਉਸਦੇ ਲਈ ਵਿਸ਼ਵਾਸ ਹੀ ਦੇ ਦੁਆਰਾ ਮਿਲਣ ਵਾਲੀ ਮੁਕਤੀ ਨੂੰ ਦਰਸਾਉਣ ਦੇ ਲਈ ਇਹ ਮਹੱਤਵਪੂਰਨ ਸੀ ਕਿ ਉਹ ਪੁਰਾਣੇ ਨੇਮ ਦਾ ਉਪਯੋਗ ਕਰੇ।**
>
> **– ਡਾ. ਵੂਯਾਨੀ ਸਿੰਡੋ**

ਪੌਲੁਸ ਨੇ ਮੂਸਾ ਦੀ ਬਿਵਸਥਾ ਸਮੇਤ ਪੁਰਾਣੇ ਨੇਮ ਨੂੰ ਪਿਆਰ ਕਰਦਾ ਸੀ। ਰੋਮੀਆਂ 7:12 ਵਿਚ ਉਸਨੇ ਲਿਖਿਆ ਕਿ ਸ਼ਰਾ "ਪਵਿੱਤਰ, ਧਰਮੀ ਅਤੇ ਚੰਗੀ" ਹੈ। ਪਰ ਜਦੋਂ ਅਸੀਂ ਮੁਕਤੀ ਨੂੰ ਖੁਦ ਪ੍ਰਾਪਤ ਕਰਨ ਦੇ ਤਰੀਕੇ ਵਜੋਂ ਪਰਮੇਸ਼ੁਰ ਦੀ ਸ਼ਰਾ ਦੀ ਦੁਰਵਰਤੋਂ ਕਰਦੇ ਹਾਂ, ਤਾਂ ਅਸੀਂ ਇਸ ਨੂੰ ਅਜਿਹੀ ਚੀਜ਼ ਵਿੱਚ ਮੋੜਦੇ ਹਾਂ ਜਿਸਦਾ ਕਦੇ ਵੀ ਇਹ ਉਦੇਸ਼ ਨਹੀਂ ਸੀ। ਪੁਰਾਣੇ ਨੇਮ ਦੇ ਦੌਰਾਨ, ਲੋਕ ਭਵਿੱਖ ਵਿੱਚ ਆਉਣ ਵਾਲੇ ਮਸੀਹਾ ਦੇ ਬਾਰੇ ਪਰਮੇਸ਼ੁਰ ਦੇ ਵਾਅਦੇ ਵਿੱਚ ਵਿਸ਼ਵਾਸ ਦੁਆਰਾ ਪਰਮੇਸ਼ੁਰ ਦੀ ਕਿਰਪਾ ਦੁਆਰਾ ਪਰਮੇਸ਼ੁਰ ਦੇ ਨਿਆਂ ਤੋਂ ਬਚਾਏ ਗਏ ਸਨ। ਪਰਮੇਸ਼ੁਰ ਦੀ ਸ਼ਰਾ ਦੀ ਆਗਿਆਕਾਰੀ ਕਰਨਾ ਉਸਦੀ ਕਿਰਪਾ ਦੇ ਲਈ ਧੰਨਵਾਦੀ ਹੋਣਾ ਸੀ ਜਿਸ ਦੁਆਰਾ ਉਨ੍ਹਾਂ ਨੂੰ ਬਚਾਇਆ ਗਿਆ ਸੀ। ਅੱਜ ਵੀ ਸਾਨੂੰ ਇਸ ਅੰਤਰ ਨੂੰ ਮੰਨਣ ਦੀ ਲੋੜ ਹੈ। ਪੁਰਾਣੇ ਨੇਮ ਦੇ ਨੈਤਿਕ ਨਿਰਦੇਸ਼ ਮਸੀਹੀਆਂ ਲਈ ਢੁਕਵੇਂ ਹਨ, ਪਰ ਇਹ ਮੁਕਤੀ ਨੂੰ ਕਮਾਉਣ ਦੇ ਤਰੀਕੇ ਵਜੋਂ ਨਹੀਂ ਹਨ, ਸਗੋਂ ਉਸ ਮੁਕਤੀ ਲਈ ਸਾਡੀ ਸ਼ੁਕਰਗੁਜ਼ਾਰੀ ਦਿਖਾਉਣ ਦੇ ਤਰੀਕੇ ਵਜੋਂ ਹਨ ਜੋ ਅਸੀਂ ਮਸੀਹ ਵਿੱਚ ਮੁਫ਼ਤ ਪ੍ਰਾਪਤ ਕੀਤੀ ਹੈ।.

ਇਹ ਵੇਖਣ ਤੋਂ ਬਾਅਦ ਕਿ ਪੌਲੁਸ ਦੀਆਂ ਸਿੱਖਿਆਵਾਂ ਵਿੱਚ ਪੁਰਾਣੇ ਨੇਮ ਬਾਰੇ ਨਕਾਰਾਤਮਕ ਟਿੱਪਣੀਆਂ ਅਸਲ ਵਿੱਚ ਪੁਰਾਣੇ ਨੇਮ ਦੀ ਕਾਰਜ ਪ੍ਰਣਾਲੀ ਅਰਥਾਤ ਧਾਰਮਿਕਤਾ ਦੇ ਬਾਰੇ ਵਿੱਚ ਦੁਰਵਰਤੋਂ ਦੇ ਬਾਰੇ ਸਨ, ਹੁਣ ਸਾਨੂੰ ਰਸੂਲ ਦੀਆਂ ਉਨ੍ਹਾਂ ਮਜ਼ਬੂਤ, ਸਕਾਰਾਤਮਕ ਪੁਸ਼ਟੀਆਂ ਦੇ ਬਾਰੇ ਵੇਖਣਾ ਚਾਹੀਦਾ ਹੈ ਜੋ ਮਸੀਹ ਦੇ ਪੈਰੋਕਾਰਾਂ ਦੇ ਲਈ ਪੁਰਾਣੇ ਨੇਮ ਦੇ ਅਧਿਕਾਰ ਅਤੇ ਸਾਰਥਕਤਾ ਦੀ ਪੁਸ਼ਟੀ ਕਰਦੀਆਂ ਹਨ।

## ਸਕਾਰਾਤਮਕ ਪੁਸਟੀਆਂ

> ਪੌਲੁਸ ਇੱਕ ਯਹੂਦੀ ਸੀ। ਉਹ ਹਮੇਸ਼ਾਂ ਯਹੂਦੀ ਸੀ। ਉਸਦਾ ਪਿਛੋਕੜ ਯਹੂਦੀ ਸੀ...ਉਹ ਆਪਣੇ ਯਹੂਦੀਪਨ ਦੀ ਗੱਲ ਕਰਦਾ ਹੈ। ਉਹ ਸ਼ਾਸਤਰਾਂ ਦੇ ਪ੍ਰਤੀ ਸਮਰਪਿਤ ਸੀ। ਫ਼ਿਲਪੀਆਂ ਦੇ ਵਿੱਚ ਉਹ ਦੱਸਦਾ ਹੈ ਕਿ ਉਹ ਇੱਕ ਫ਼ਰੀਸੀ ਦੇ ਰੂਪ ਵਿੱਚ ਇਸਦੇ ਪ੍ਰਤੀ ਸਮਰਪਿਤ ਸੀ। ਜਦੋਂ ਉਹ ਗਲਾਤੀਆਂ ਦੇ ਵਿੱਚ ਆਪਣੇ ਪਿਛੋਕੜ ਦੀ ਕਹਾਣੀ ਦੱਸਦਾ ਹੈ ਤਾਂ ਉਹ ਉਸ ਦੇ ਜੋਸ਼ ਬਾਰੇ ਗੱਲ ਕਰਦਾ ਹੈ ਜੋ ਉਸਦੇ ਪੁਰਖਿਆਂ ਨੂੰ ਜਾਣਨ ਵਿੱਚ ਉਸਦੇ ਸਾਥੀਆਂ ਨਾਲੋਂ ਕਿਤੇ ਵੱਧ ਸੀ। ਅਤੇ ਉਹ ਉੱਥੇ ਯਹੂਦੀਅਤ ਦੀ ਗੱਲ ਕਰ ਰਿਹਾ ਹੈ। ਉਹ ਪੁਰਾਣੇ ਨੇਮ ਦੀ ਸਿੱਖਿਆ ਦੇ ਪ੍ਰਤੀ ਆਪਣੇ ਸਮਰਪਣ ਦੀ ਗੱਲ ਕਰਦਾ ਹੈ, ਇਬਰਾਨੀ ਬਾਈਬਲ ਦੀ ਸਿੱਖਿਆ। ਅਤੇ ਜਦੋਂ ਉਹ ਗੈਰ-ਜਾਤੀਆਂ ਦੇ ਵਿੱਚ ਜਾਂਦਾ ਹੈ ਤਾਂ ਇਹ ਉਸਦਾ ਯਹੂਦੀ ਪਿਛੋਕੜ ਹੀ ਹੈ ਜੋ ਯਿਸੂ ਦੇ ਵਿਅਕਤੀਤਵ ਦੇ ਬਾਰੇ ਉਸਦੀ ਸਿੱਖਿਆ ਵਿੱਚ ਆਉਂਦਾ ਹੈ। ਜਦੋਂ ਉਹ ਰਾਸ਼ਟਰਾਂ ਦੇ ਕੋਲ ਜਾਂਦਾ ਹੈ ਤਾਂ ਉਹ ਉਨ੍ਹਾਂ ਸਮਝਾਉਣਾ ਚਾਹੁੰਦਾ ਹੈ ਕਿ ਯਿਸੂ ਦਾ ਆਉਣਾ ਮਸੀਹ ਦਾ ਆਉਣਾ ਸੀ, ਅਤੇ ਇਹ ਕਿ ਜਾਤੀਆਂ ਦੇ ਕੋਲ ਸ਼ੁਭ-ਸਮਾਚਾਰ ਦਾ ਆਉਣਾ ਅਬਰਾਹਾਮ ਦੇ ਨਾਲ ਕੀਤੇ ਵਾਅਦੇ ਦੀ ਪੂਰਤੀ ਸੀ। ਉਸਨੇ ਸ਼ਾਸਤਰਾਂ ਨੂੰ ਠੁਕਰਾਇਆ ਨਹੀਂ ਹੈ, ਸਗੋਂ ਉਨ੍ਹਾਂ ਨੂੰ ਨਵੇਂ ਤਰੀਕੇ ਨਾਲ ਸਮਝਿਆ ਹੈ। ਉਹ ਸਮਝ ਗਿਆ ਹੈ ਕਿ ਜਿਸ ਸਭ ਦੇ ਬਾਰੇ ਇਬਰਾਨੀ ਬਾਈਬਲ ਗੱਲ ਕਰਦੀ ਹੈ ਉਸਦੀ ਯਿਸੂ ਦੇ ਵਿੱਚ ਆ ਕੇ ਹੁੰਦੀ ਹੈ।
>
> — ਡਾ. ਮਾਰਕ. ਏ. ਜੈਨਿੰਗਸ

ਵਿਚਾਰ ਕਰੋ ਕਿ ਪੌਲੁਸ ਨੇ ਰੋਮੀਆਂ 15:4 ਵਿੱਚ ਪੁਰਾਣੇ ਨੇਮ ਦੇ ਬਾਰੇ ਕੀ ਲਿਖਿਆ:

> ਕਿਉਂਕਿ ਜੋ ਕੁਝ ਅੱਗੇ ਲਿਖਿਆ ਗਿਆ ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ ਭਈ ਅਸੀਂ ਧੀਰਜ ਤੋਂ ਅਤੇ ਧਰਮ ਪੁਸਤਕ ਦੇ ਦਿਲਾਸੇ ਤੋਂ ਆਸਾ ਰੱਖੀਏ (ਰੋਮੀਆਂ 15:4)।

ਜਦੋਂ ਪੌਲੁਸ ਨੇ ਇੱਥੇ "ਜੋ ਅੱਗੇ ਲਿਖਿਆ ਗਿਆ ਸੀ" ਅਤੇ "ਧਰਮ ਪੁਸਤਕ" ਬਾਰੇ ਗੱਲ ਕੀਤੀ ਤਾਂ ਉਸਦੇ ਮਨ ਵਿੱਚ ਪੁਰਾਣਾ ਨੇਮ ਸੀ। ਇਸ ਵਚਨ ਦੇ ਅਨੁਸਾਰ ਮਸੀਹੀ ਉਮੀਦ ਨੂੰ ਉੱਨਤ ਕਰਨ ਦੇ ਲਈ ਪੁਰਾਣਾ ਨੇਮ ਬਹੁਤ ਜਰੂਰੀ ਹੈ। ਪੁਰਾਣੇ ਨੇਮ ਦੀਆਂ ਕਹਾਣੀਆਂ, ਸ਼ਰਾ, ਜ਼ਬੂਰ ਅਤੇ ਭਵਿੱਖਬਾਣੀਆਂ ਸਭ "ਨਿਰਦੇਸ਼ਾਂ ਦੇ ਲਈ" ਹਨ।

ਪਰ ਬਿਨਾਂ ਕਿਸੇ ਸ਼ੱਕ, ਪੌਲੁਸ ਨੇ ਪੁਰਾਣੇ ਨੇਮ ਦੇ ਬਾਰੇ ਆਪਣੀ ਸਭ ਤੋਂ ਮਜ਼ਬੂਤ ਅਤੇ ਸਪੱਸ਼ਟ ਪੁਸਟੀ 2 ਤਿਮੋਥਿਉਸ 3:16-17 ਦੇ ਵਿੱਚ ਕੀਤੀ। ਇੱਥੇ ਉਸਨੇ ਲਿਖਿਆ:

> ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ, ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ (2 ਤਿਮੋਥਿਉਸ 3:16-17)

ਜਿਆਦਾਤਰ ਮਸੀਹੀ ਲੋਕ ਇਸ ਆਇਤ ਦੇ ਜਾਣਕਾਰ ਹਨ, ਪਰ ਅਸੀਂ ਅਕਸਰ ਇਹ ਕਲਪਨਾ ਕਰਦੇ ਹਾਂ ਕਿ ਇਹ "ਸਾਰੀ ਲਿਖਤ" ਨਵੇਂ ਨੇਮ ਨੂੰ ਦਰਸਾਉਂਦੀ ਹੈ। ਜੀ ਹਾਂ, ਇਸਦੇ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਸ ਵਚਨ ਦੇ ਵਿੱਚ ਨਵੇਂ ਨੇਮ ਦੇ ਪ੍ਰਤੀ ਸਾਡੇ ਦ੍ਰਿਸ਼ਟੀਕੋਣਾਂ ਦੇ ਪ੍ਰਤੀ ਪ੍ਰਭਾਵ ਹਨ। ਪਰ ਜਦੋਂ ਪੌਲੁਸ ਨੇ "ਸਾਰੀ ਲਿਖਤ" ਲਿਖਿਆ ਤਾਂ ਉਸਦੇ ਮਨ ਵਿੱਚ ਉਚੇਚੇ ਤੌਰ ਤੇ ਪੁਰਾਣਾ ਨੇਮ ਸੀ। ਉਨ੍ਹਾਂ ਅਦਭੁੱਤ ਚੀਜ਼ਾਂ ਬਾਰੇ ਸੁਣੋ ਜੋ ਪੁਰਾਣਾ ਨੇਮ ਸਾਨੂੰ ਦੇਣ ਦੀ ਯੋਗਤਾ ਰੱਖਦਾ ਹੈ। ਇਹ ਸਾਨੂੰ ਸਿੱਖਿਆ ਦੇਣ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ, ਜੋ ਸਾਨੂੰ ਹਰੇਕ ਭਲੇ ਕੰਮ ਦੇ ਲਈ ਤਿਆਰ ਕਰਦਾ ਹੈ। ਸੰਖੇਪ ਵਿੱਚ, ਪੌਲੁਸ ਨੇ ਕਿਹਾ ਕਿ ਪੁਰਾਣਾ ਨੇਮ ਮਸੀਹੀ ਜੀਵਨ ਲਈ ਬਹੁਤ ਲਾਜ਼ਮੀ ਸੀ।

> **ਇਸ ਲਈ, ਜਦੋਂ ਪੌਲੁਸ ਕਹਿੰਦਾ ਹੈ, "ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ",ਤਾਂ ਉਹ ਪੁਰਾਣੇ ਨੇਮ ਦੀ ਗੱਲ ਕਰ ਰਿਹਾ ਹੈ। ਉਹ ਪੁਰਾਣੇ ਨੇਮ ਦੀ ਮਹੱਤਤਾ ਦੀ ਗੱਲ ਕਰ ਰਿਹਾ ਹੈ। ਅਤੇ ਉਹ ਕਹਿੰਦਾ ਹੈ ਕਿ ਇਹ ਸਿਰਫ਼ ਸਾਰਥਕ ਹੀ ਨਹੀਂ ਹੈ ਸਗੋਂ ਬਹੁਤ ਜਿਆਦਾ ਸਾਰਥਕ ਹੈ...ਪੁਰਾਣੇ ਨੇਮ ਤੋਂ ਬਿਨਾਂ ਸਾਡੇ ਕੋਲ ਉਨ੍ਹਾਂ ਸ਼ਬਦਾਂ ਨੂੰ ਸਮਝਣ ਦਾ ਕੋਈ ਪ੍ਰਸੰਗ ਨਹੀਂ ਹੈ ਜਿਸਦਾ ਉਪਯੋਗ ਨਵਾਂ ਨੇਮ ਕਰਦਾ ਹੈ। ਉਦਾਹਰਨ ਦੇ ਲਈ, ਪਰਮੇਸ਼ੁਰ-ਇਹ ਪਰਮੇਸ਼ੁਰ ਕੌਣ ਹੈ? ਜਾਂ ਮਸੀਹ – ਮਸੀਹ ਕੀ ਹੁੰਦਾ ਹੈ? ਜਾਂ ਪਾਪ, ਮੁਕਤੀ ਅਤੇ ਇੱਥੋਂ ਤੱਕ ਕਿ ਸ਼ੁਭਸਮਾਚਾਰ ਦਾ ਕੀ ਅਰਥ ਹੈ। ਇਹ ਸਾਰੇ ਉਹ ਸ਼ਬਦ ਹਨ ਜੋ ਪੁਰਾਣੇ ਨੇਮ ਦੇ ਵਿੱਚ ਉੱਨਤ ਹੁੰਦੇ ਹਨ, ਅਤੇ ਪੁਰਾਣੇ ਨੇਮ ਦੇ ਵਿੱਚ ਇੰਨ੍ਹਾਂ ਦੀ ਵਰਤੋਂ ਬਾਰੇ ਸਮਝ ਕੇ ਹੀ ਅਸੀਂ ਨਵੇਂ ਨੇਮ ਨੂੰ ਇੱਕ ਜਾਣਕਾਰ ਅਤੇ ਜਿੰਮੇਦਾਰ ਤਰੀਕੇ ਨਾਲ ਪੜ੍ਹ ਸਕਦੇ ਹਾਂ।**
>
> **— ਡਾ. ਮੈਥਿਉ ਨਿਉਕਿਰਕ**

ਅਸੀਂ ਵੇਖਿਆ ਹੈ ਕਿ ਸਾਨੂੰ ਪੁਰਾਣੇ ਨੇਮ ਦਾ ਅਧਿਐਨ ਇਸ ਲਈ ਕਰਨਾ ਚਾਹੀਦਾ ਹੈ ਕਿਉਂਕਿ ਸਾਡੇ ਸਾਹਮਣੇ ਇਸਦੀ ਦੂਰੀ ਅਤੇ ਸਾਰਥਕਤਾ ਦੀ ਚੁਣੌਤੀ ਹੈ। ਆਉ ਹੁਣ ਅਸੀਂ ਇਸ ਸਬਕ ਦੇ ਤੀਸਰੇ ਮੁੱਖ ਵਿਸ਼ੇ ਦੇ ਵੱਲ ਮੁੜੀਏ: ਪੁਰਾਣੇ ਨੇਮ ਦਾ ਸਾਡੇ ਅਜੋਕੇ ਜੀਵਨ ਵਿੱਚ ਲਾਗੂਕਰਨ ਕਰਨਾ।

## ਲਾਗੂਕਰਨ

ਜਿਵੇਂ ਸਾਨੂੰ ਕਹਿਣਾ ਚਾਹੀਦਾ ਹੈ, ਇਹ ਇੱਕ ਗੱਲ ਹੈ ਕਿ ਪੁਰਾਣਾ ਨੇਮ ਅੱਜ ਦੇ ਮਸੀਹੀਆਂ ਲਈ ਮਹੱਤਵਪੂਰਨ ਹੈ, ਪਰ ਇਹ ਸਚਿਆਈ ਦਾ ਲਾਗੂਕਰਨ ਕਰਨਾ ਦੂਸਰੀ ਗੱਲ ਹੈ। ਕਈ ਵਾਰ ਇਹ ਦੇਖਣਾ ਮੁਸ਼ਕਿਲ ਨਹੀਂ ਹੁੰਦਾ ਕਿ ਪੁਰਾਣਾ ਨੇਮ ਸਾਡੇ 'ਤੇ ਕਿਵੇਂ ਲਾਗੂ ਹੁੰਦਾ ਹੈ, ਪਰ ਕਈ ਵਾਰ ਸਾਡੇ ਅਤੇ ਪੁਰਾਣੇ ਨੇਮ ਵਿਚਕਾਰ ਦੂਰੀ ਦੇ ਕਾਰਨ ਇਹ

ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਹੁਣ, ਇਹ ਭਰੋਸਾ ਦਿਵਾਉਂਦਾ ਹੈ ਕਿ ਪਵਿੱਤਰ ਆਤਮਾ ਮਸੀਹ ਦੇ ਪੈਰੋਕਾਰਾਂ ਨੂੰ ਪੁਰਾਣੇ ਨੇਮ ਦਾ ਅਧਿਐਨ ਕਰਨ ਅਤੇ ਲਾਗੂ ਕਰਨ ਵਿੱਚ ਮਦਦ ਕਰਦਾ ਹੈ। ਉਹ ਸਾਨੂੰ ਉਨ੍ਹਾਂ ਤਰੀਕਿਆਂ ਦੁਆਰਾ ਸਿਖਾਉਂਦਾ ਹੈ ਜੋ ਅਸੀਂ ਆਪਣੀ ਤਾਕਤ ਨਾਲ ਪੂਰਾ ਕਰ ਸਕਦੇ ਹਾਂ। ਪਰ ਇਹ ਸਾਡੀ ਜਿੰਮੇਵਾਰੀ ਹੈ ਕਿ ਅਸੀਂ ਪੁਰਾਣੇ ਨੇਮ ਦਾ ਜਿੰਨਾ ਡੂੰਘਾਈ ਨਾਲ ਅਧਿਐਨ ਕਰ ਸਕੀਏ ਤਾਂ ਜੋ ਅਸੀਂ ਇਸ ਨੂੰ ਅੱਜ ਆਪਣੇ ਜੀਵਨ ਵਿੱਚ ਸਹੀ ਢੰਗ ਨਾਲ ਲਾਗੂ ਕਰ ਸਕੀਏ।

ਪੌਲੁਸ ਰਸੂਲ ਨੇ ਤਿਮੋਥਿਉਸ ਦੇ ਨਾਲ ਇਸ ਜਿੰਮੇਵਾਰੀ ਦੀ ਗੱਲ ਕੀਤੀ। 2 ਤਿਮੋਥਿਉਸ 2:15 ਵਿੱਚ ਪੌਲੁਸ ਨੇ ਕਿਹਾ:

> ਆਪਣੇ ਆਪ ਨੂੰ ਪਰਮੇਸ਼ੁਰ ਦੇ ਸਾਹਮਣੇ ਪਰਵਾਨ ਅਜਿਹਾ ਕਾਰੀਗਰ ਠਹਿਰਾਉਣ ਦਾ ਯਤਨ ਕਰ , ਜਿਸਨੂੰ ਸ਼ਰਮਿੰਦਾ ਨਾ ਹੋਣਾ ਪਵੇ, ਅਤੇ ਜਿਹੜਾ ਸਚਿਆਈ ਦੇ ਵਚਨ ਦਾ ਜਥਾਰਥ ਵਿਖਿਆਣ ਕਰਨ ਵਾਲਾ ਹੋਵੇ। (2 ਤਿਮੋਥਿਉਸ 2:15)।

ਜਿਵੇਂ ਪੌਲੁਸ ਇੱਥੇ ਪਰਵਾਨ ਹੋਣ ਦੀ ਗੱਲ ਕਰਦਾ ਹੈ, ਸਾਨੂੰ ਪੁਰਾਣੇ ਨੇਮ ਦੇ ਕੋਲ "ਇੱਕ ਕਾਰੀਗਰ" ਦੇ ਰੂਪ ਵਿੱਚ ਕਰਨਾ ਚਾਹੀਦਾ ਹੈ – ਯੂਨਾਨੀ ਦੇ ਵਿੱਚ ਕਾਰੀਗਰ ਦੇ ਲਈ "*ਏਰਗੇਟਸ*" (ἐργάτης) – ਜਿਸਦਾ ਅਰਥ ਹੈ – ਇੱਕ ਅਜਿਹਾ ਕਾਮਾ ਜੋ ਪਰਮੇਸ਼ੁਰ ਦੇ ਵਚਨ ਦਾ ਮਿਹਨਤ ਦੇ ਨਾਲ ਵਿਖਿਆਣ ਕਰਦਾ ਹੈ।

ਅਸੀਂ ਪੁਰਾਣੇ ਨੇਮ ਦੀ ਆਧੁਨਿਕ ਵਰਤੋਂ ਨੂੰ ਤਿੰਨ ਪੜਾਵਾਂ ਵਿੱਚ ਦੇਖਾਂਗੇ। ਸਭ ਤੋਂ ਪਹਿਲਾਂ, ਅਸੀਂ ਉਨ੍ਹਾਂ ਚੁਣੌਤੀਆਂ ਦੀ ਪਛਾਣ ਕਰਾਂਗੇ ਜਿਨ੍ਹਾਂ ਨੂੰ ਸਾਨੂੰ ਦੂਰ ਕਰਨਾ ਚਾਹੀਦਾ ਹੈ ਕਿਉਂਕਿ ਅਸੀਂ ਪੁਰਾਣੇ ਨੇਮ ਨੂੰ ਆਪਣੇ ਜੀਵਨਾਂ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਦੂਜਾ, ਅਸੀਂ ਉਹਨਾਂ ਸੰਬੰਧਿਤ ਗੱਲਾਂ 'ਤੇ ਵਿਚਾਰ ਕਰਾਂਗੇ ਜੋ ਇਸਨੂੰ ਸਾਡੇ ਸਮੇਂ ਵਿੱਚ ਲਾਗੂ ਕਰਨਾ ਸੰਭਵ ਬਣਾਉਂਦੇ ਹਨ। ਅਤੇ ਤੀਸਰਾ, ਅਸੀਂ ਉਹਨਾਂ ਬਦਲਾਵਾਂ ਦੀ ਜਾਂਚ ਕਰਾਂਗੇ ਜੋ ਸਾਨੂੰ ਇਸ ਨੂੰ ਲਾਗੂ ਕਰਦੇ ਸਮੇਂ ਸਵੀਕਾਰ ਕਰਨਾ ਚਾਹੀਦਾ ਹੈ। ਆਉ ਅਸੀਂ ਉਹਨਾਂ ਚੁਣੌਤੀਆਂ ਨਾਲ ਸ਼ੁਰੂਆਤ ਕਰੀਏ ਜਿਨ੍ਹਾਂ ਦਾ ਅਸੀਂ ਸਾਹਮਣਾ ਅਸੀਂ ਪੁਰਾਣੇ ਨੇਮ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਸਮੇਂ ਕਰਦੇ ਹਾਂ।

## ਚੁਣੌਤੀਆਂ

ਜਿਵੇਂ ਅਸੀਂ ਪਹਿਲਾਂ ਇਸ ਸਬਕ ਵਿੱਚ ਵੇਖਿਆ, ਪਰਮੇਸ਼ੁਰ ਨੇ ਪਹਿਲਾਂ ਆਪਣੇ ਲੋਕਾਂ ਨੂੰ ਪੁਰਾਣਾ ਨੇਮ ਦਿੱਤਾ ਜੋ ਬਹੁਤ ਸਮਾਂ ਪਹਿਲਾਂ ਰਹਿੰਦੇ ਸਨ ਤਾਂ ਕਿ ਉਹ ਆਪਣੇ ਸਮੇਂ ਦੇ ਵਿੱਚ ਸਹੀ ਤਰੀਕੇ ਨਾਲ ਜੀ ਸਕਣ। ਪਰ ਜਿਵੇਂ ਅਸੀਂ ਵੇਖਿਆ ਹੈ ਉਸਨੇ ਇਹ ਪਵਿੱਤਰ ਸ਼ਾਸਤਰ ਸਾਨੂੰ ਵੀ ਦਿੱਤਾ ਤਾਂ ਕਿ ਅਸੀਂ ਆਪਣੇ ਸਮੇਂ ਵਿੱਚ ਵੀ ਇਸਦੇ ਦੁਆਰਾ ਜੀ ਸਕੀਏ। ਪਰ ਅਸੀਂ ਇੱਕ ਅਜਿਹੇ ਸੰਸਾਰ ਦੇ ਵਿੱਚ ਵੱਸਦੇ ਹਾਂ ਜੋ ਪੁਰਾਣੇ ਨੇਮ ਦੇ ਸਮੇਂ ਨਾਲੋਂ ਬਹੁਤ ਅਲੱਗ ਹੈ। ਜਿਵੇਂ ਅਸੀਂ ਪੁਰਾਣੇ ਨੇਮ ਦਾ ਲਾਗੂਕਰਨ ਕਰਨ ਦਾ ਵਿਚਾਰ ਕਰਦੇ ਹਾਂ ਤਾਂ ਸਾਨੂੰ ਉਸ ਵੱਡੀ ਦੂਰੀ ਬਾਰੇ ਜਰੂਰ ਸੋਚਣਾ ਚਾਹੀਦਾ ਹੈ ਜੋ ਸਾਡੇ ਅਤੇ ਪੁਰਾਣੇ ਨੇਮ ਦੇ ਵਿੱਚਕਾਰ ਹੈ। 1 ਕੁਰਿੰਥੀਆਂ 10:11 ਨੂੰ ਸੁਣੋ ਜਿੱਥੇ ਪੌਲੁਸ ਰਸੂਲ ਨੇ ਪੁਰਾਣੇ ਨੇਮ ਦੇ ਮਸੀਹੀ ਲਾਗੂਕਰਨ ਸੰਖੇਪ ਵਿੱਚ ਗੱਲ ਕੀਤੀ ਹੈ। ਉਹ ਲਿਖਦਾ ਹੈ:

ਸੋ ਏਹ ਗੱਲਾਂ ਓਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ (1 ਕੁਰਿੰਥੀਆਂ 10:11)।

ਇਸ ਵਚਨ ਦੇ ਵੱਡੇ ਪ੍ਰਸੰਗ ਤੋਂ ਅਸੀਂ ਸਿੱਖਦੇ ਹਾਂ ਕਿ ਪੌਲੁਸ ਦੇ ਮਨ ਵਿੱਚ ਇਸਰਾਏਲ ਦਾ ਮਿਸਰ ਤੋਂ ਕੀਤਾ ਜਾਣ ਵਾਲਾ ਕੂਚ ਸੀ ਅਤੇ ਇਹ ਕਿ ਇਸਨੂੰ ਕੁਰਿੰਥੀਆਂ ਦੀ ਕਲੀਸਿਆ ਵਿੱਚ ਕਿਵੇਂ ਲਾਗੂ ਕੀਤਾ ਜਾਵੇ। ਧਿਆਨ ਦਿਉ ਕਿ ਉਸਨੇ ਆਖਿਰ ਦੀਆਂ ਤਿੰਨ ਗੱਲਾਂ ਤੇ ਜ਼ੋਰ ਦਿੱਤਾ। ਪਹਿਲਾਂ ਉਸਨੇ ਦੂਰ ਦੇ ਸਮੇਂ ਵਿੱਚ ਹੋਈਆਂ ਚੀਜ਼ਾਂ ਦੀ ਗੱਲ ਕੀਤੀ, "ਇਹ ਗੱਲਾਂ ਹੋਈਆਂ...ਲਿਖੀਆਂ ਗਈਆਂ।" ਦੂਸਰਾ ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨਾਲ ਇੱਕ ਸਹਿ-ਮਸੀਹੀ ਵੱਜੋਂ ਇਸ ਪ੍ਰਕਾਰ ਗੱਲ ਕੀਤੀ, "ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ।" ਅਤੇ ਤੀਸਰਾ ਪੌਲੁਸ ਨੇ ਇਹ ਮੰਨਿਆ ਕਿ ਪੁਰਾਣੇ ਨੇਮ ਅਤੇ ਉਸਦੇ ਮੌਜੂਦਾ ਸਮੇਂ ਦੇ ਮਸੀਹੀਆਂ ਵਿੱਚਕਾਰ ਹੋਰ ਬਹੁਤ ਕੁਝ ਹੋ ਚੁੱਕਾ ਹੈ, "ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ।" ਮਸੀਹੀ ਲੋਕ ਇਤਿਹਾਸ ਦੀ ਪੂਰਤੀ ਦੇ ਅੰਤ ਦੇ ਯੁੱਗ ਵਿੱਚ ਵੱਸ ਰਹੇ ਹਨ।ਇੱਥੇ ਰਸੂਲ ਦੇ ਸ਼ਬਦ ਪੁਰਾਣੇ ਨੇਮ ਦਾ ਲਾਗੂਕਰਨ ਕਰਨ ਦੀ ਚੁਣੌਤੀ ਦੇ ਬਾਰੇ ਗੱਲ ਕਰਦੇ ਹਨ।

**ਮੈਂ 1 ਕੁਰਿੰਥੀਆਂ 10 ਵਿੱਚ ਪੌਲੁਸ ਦੇ ਕਹੇ ਸ਼ਬਦਾਂ ਨੂੰ ਬਹੁਤ ਪਸੰਦ ਕਰਦਾ ਹਾਂ। ਇਸ ਲਈ ਕਿ 1 ਕੁਰਿੰਥੀਆਂ 10 ਦੇ ਵਿੱਚ ਉਹ ਇਸਰਾਏਲ ਦੇ ਇਤਿਹਾਸ ਦੀ ਗੱਲ ਕਰ ਰਿਹਾ ਹੈ ਅਤੇ ਇਸ ਤੱਥ ਦੀ ਕਿ ਇਤਿਹਾਸ ਪੁਰਾਣੇ ਨੇਮ ਦੇ ਸ਼ਾਸਤਰ ਲਿਖਿਆ ਗਿਆ ਹੈ, ਅਤੇ ਉਹ ਕੁਰਿੰਥੀਆਂ ਨੂੰ ਜੋ ਗੈਰ-ਜਾਤੀਆਂ ਦੇ ਲੋਕ ਸਨ ਕਹਿੰਦਾ ਹੈ, "ਇਹ ਗੱਲਾਂ ਸਾਨੂੰ ਮੱਤ ਦੇਣ ਲਈ ਲਿਖੀਆਂ ਗਈਆਂ, ਇਸ ਲਈ ਲੋਕਾਂ ਦੇ ਉੱਤੇ ਵਚਨਾਂ ਦਾ ਅਧਿਕਾਰ ਹੈ। ਇਸ ਲਈ, ਪਵਿੱਤਰ ਸ਼ਾਸਤਰ ਲੋਕਾਂ ਉੱਤੇ ਅਧਿਕਾਰਤ ਹੈ, ਭਾਵੇਂ ਕਿ, ਪਹਿਲੀ ਸਥਿਤੀ ਵਿੱਚ ਉਹ ਲੋਕ ਨਜ਼ਰ ਵਿੱਚ ਨਹੀਂ ਸਨ, ਪਰ ਪਰਮੇਸ਼ੁਰ ਨੇ ਉਨ੍ਹਾਂ ਨੂੰ ਧਿਆਨ ਵਿੱਚ ਰੱਖਿਆ ਸੀ। ਪਰਮੇਸ਼ੁਰ ਸ਼ਾਸਤਰ ਦਾ ਵੇਰਵਾ ਰੱਖਣ ਦੇ ਵਿੱਚ ਉੱਚ-ਸ਼ਕਤੀ ਰੱਖਦਾ ਹੈ, ਅਤੇ ਉਸਦੇ ਦਿਮਾਗ ਵਿੱਚ ਉਹ ਇਰਾਦਾ ਕਰ ਸਕਦਾ ਹੈ, ਭਾਵੇਂ ਇਹ ਸ਼ੁਰੂ ਵਿੱਚ ਇੱਕ ਵੱਖਰੇ ਸਰੋਤਿਆਂ ਲਈ ਲਿਖਿਆ ਗਿਆ ਹੈ, ਉਹ ਇਸਨੂੰ ਸਾਡੇ ਲਈ ਸੰਬੋਧਿਤ ਕਰਨ ਦਾ ਇਰਾਦਾ ਕਰ ਸਕਦਾ ਹੈ।**

**— ਡਾ. ਸਟੀਫਨ ਈ. ਵਿਟਮਰ**

ਜਿਵੇਂ ਕਿ ਪੌਲੁਸ ਦੇ ਸ਼ਬਦ ਸੁਝਾਅ ਦਿੰਦੇ ਹਨ, ਪੁਰਾਣੇ ਨੇਮ ਨੂੰ ਸਾਡੇ ਦਿਨਾਂ ਵਿੱਚ ਲਾਗੂ ਕਰਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਸਾਨੂੰ ਤਿੰਨ ਚੀਜ਼ਾਂ ਨਾਲ ਨਜਿੱਠਣਾ ਚਾਹੀਦਾ ਹੈ। ਪਹਿਲਾਂ, ਸਾਨੂੰ ਪੁਰਾਣੇ ਨੇਮ ਦੇ ਪ੍ਰਾਚੀਨ ਸੰਸਾਰ ਨੂੰ ਸਮਝਣਾ ਚਾਹੀਦਾ ਹੈ; ਦੂਸਰਾ, ਸਾਨੂੰ ਆਪਣੇ ਅਤੇ ਉਸ ਪ੍ਰਾਚੀਨ ਸੰਸਾਰ ਵਿਚਕਾਰ ਇਤਿਹਾਸਕ ਘਟਨਾਕ੍ਰਮ 'ਤੇ ਵਿਚਾਰ ਕਰਨਾ ਚਾਹੀਦਾ ਹੈ; ਅਤੇ ਤੀਸਰਾ, ਸਾਨੂੰ ਜੋ ਕੁਝ ਅਸੀਂ ਇਹਨਾਂ ਵਿਕਾਸਾਂ ਰਾਹੀਂ ਸਿੱਖਦੇ ਹਾਂ, ਉਸਨੂੰ ਸਾਡੇ ਸੰਸਾਰ ਵਿੱਚ ਲਿਆਉਣਾ ਚਾਹੀਦਾ ਹੈ। ਪਹਿਲਾਂ ਵਿਚਾਰ ਕਰੋ ਕਿ ਪੁਰਾਣੇ ਨੇਮ ਦੇ ਪ੍ਰਾਚੀਨ ਸੰਸਾਰ ਵੱਲ ਧਿਆਨ ਦੇਣਾ ਕਿੰਨਾ ਜ਼ਰੂਰੀ ਹੈ।

## ਪ੍ਰਾਚੀਨ ਸੰਸਾਰ

ਸਾਡਾ ਇੱਕ ਮੁੱਖ ਕੰਮ ਪੁਰਾਣੇ ਨੇਮ ਦੇ ਪ੍ਰਸੰਗ ਵਿੱਚ ਪੁਰਾਣੇ ਨੇਮ ਦੀ ਵਿਆਖਿਆ ਕਰਨਾ ਹੈ ਜਿੰਨ੍ਹਾਂ ਦੇ ਲਈ ਇਹ ਪਹਿਲੇ-ਪਹਿਲ ਦਿੱਤਾ ਗਿਆ ਸੀ। ਪਰ ਭਾਵੇਂ ਅਸੀਂ ਇਸ ਤੇ ਬਹੁਤ ਮਿਹਨਤ ਕਰੀਏ, ਅਸੀਂ ਕਦੇ ਵੀ ਇਸਨੂੰ ਸੰਪੂਰਨਤਾਈ ਨਾਲ ਨਹੀਂ ਕਰ ਸਕਦੇ। ਅਸੀਂ ਉਸ ਸੰਸਾਰ ਤੋਂ ਬਹੁਤ ਜਿਆਦਾ ਪ੍ਰਭਾਵਿਤ ਹੁੰਦੇ ਹਾਂ ਜਿਸ ਵਿੱਚ ਅਸੀਂ ਰਹਿੰਦੇ ਹਾਂ ਕਿ ਅਸੀਂ ਹਮੇਸ਼ਾ ਆਧੁਨਿਕ ਪ੍ਰਵਿਰਤੀਆਂ ਦੇ ਨਾਲ ਸ਼ਾਸਤਰ ਦੇ ਪ੍ਰਾਚੀਨ ਗ੍ਰੰਥਾਂ 'ਤੇ ਆਵਾਂਗੇ ਜਿਸ ਤੋਂ ਅਸੀਂ ਪੂਰੀ ਤਰ੍ਹਾਂ ਬਚ ਨਹੀਂ ਸਕਦੇ। ਬਦਕਿਸਮਤੀ ਨਾਲ, ਇਸ ਤੱਥ ਨੂੰ ਅਕਸਰ ਪੁਰਾਣੇ ਨੇਮ ਵਿੱਚ ਆਧੁਨਿਕ ਲੋਕਾਂ ਦੇ ਰੂਪ ਵਿੱਚ ਜੋ ਅਸੀਂ ਵਿਸ਼ਵਾਸ ਕਰਦੇ ਹਾਂ ਉਸਨੂੰ ਸਿਰਫ਼ ਪੜ੍ਹਨ ਲਈ ਜਾਇਜ਼ ਠਹਿਰਾਉਣਾ। ਪਰ ਅਜਿਹਾ ਕਰਨਾ ਪਵਿੱਤਰ ਸ਼ਾਸਤਰ ਆਪਣੇ ਆਪ ਨੂੰ ਧਰਮ ਪੁਸਤਕ ਦੇ ਅਧੀਨ ਕਰਨ ਦੀ ਬਜਾਏ ਸਾਡੇ ਅਧੀਨ ਕਰਦਾ ਹੈ। ਇਸ ਲਈ, ਜਦੋਂ ਕਿ ਅਸੀਂ ਆਪਣੇ ਆਧੁਨਿਕ ਪੱਖਪਾਤ ਤੋਂ ਪੂਰੀ ਤਰ੍ਹਾਂ ਬਚ ਨਹੀਂ ਸਕਦੇ, ਸਾਰੇ ਵਫ਼ਾਦਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਸਲ ਅਰਥਾਂ ਨੂੰ ਜਿੰਨਾ ਸੰਭਵ ਹੋ ਸਕੇ ਸਮਝਣ ਲਈ ਲਗਨ ਨਾਲ ਪੁਰਾਣੇ ਨੇਮ ਦੇ ਹਵਾਲੇ ਦਾ ਅਧਿਐਨ ਕਰਨਾ ਚਾਹੀਦਾ ਹੈ।

ਜੇਕਰ ਇਸਨੂੰ ਸਾਧਾਰਨ ਰੂਪ ਨਾਲ ਵੇਖੀਏ, ਪੁਰਾਣੇ ਨੇਮ ਦੇ ਕਿਸੇ ਵਚਨ ਦਾ ਮੂਲ ਅਰਥ ਦਾ ਪ੍ਰਭਾਵ ਇਹ ਹੈ ਕਿ ਪਰਮੇਸ਼ੁਰ ਅਤੇ ਉਸਦੇ ਪ੍ਰੇਰਿਤ ਲੇਖਕਾਂ ਨੇ ਵਚਨ ਨੂੰ ਇਸਦੇ ਪਹਿਲੇ ਸਰੋਤਿਆਂ ਅਨੁਸਾਰ ਰੱਖਣ ਲਈ ਤਿਆਰ ਕੀਤਾ ਸੀ। ਇਹ ਬਹੁਤ ਮਹੱਤਵਪੂਰਨ ਰੂਪ ਨਾਲ ਅਸੀਂ ਪਰਮੇਸ਼ੁਰ ਅਤੇ ਪ੍ਰੇਰਿਤ ਲੇਖਕਾਂ ਨੂੰ ਸਾਡੇ ਨਾਲ ਸਿੱਧੇ ਤੌਰ ਤੇ ਗੱਲ ਕਰਦੇ ਹੋਏ ਨਹੀਂ ਸੁਣਦੇ, ਅਸੀਂ ਉਨ੍ਹਾਂ ਨੂੰ ਦੂਸਰਿਆਂ ਦੇ ਨਾਲ ਗੱਲ ਕਰਦੇ ਹੋਏ ਸੁਣਦੇ ਹਾਂ। ਇਸ ਲਈ, ਜਿਵੇਂ ਅਸੀਂ ਪੁਰਾਣੇ ਨੇਮ ਦਾ ਅਧਿਐਨ ਕਰਦੇ ਹਾਂ, ਤਾਂ ਇਹ ਪ੍ਰਸ਼ਨ ਪੁੱਛਣਾ ਜਰੂਰੀ ਹੈ। ਪਹਿਲੇ ਸ੍ਰੋਤਿਆਂ ਦੀਆਂ ਕੀ ਪ੍ਰਾਥਮਿਕਤਾਵਾਂ ਸਨ? ਉਨ੍ਹਾਂ ਨੇ ਕੀ ਵਿਸ਼ਵਾਸ ਕੀਤਾ? ਪਰਮੇਸ਼ੁਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਸਮੇਂ ਵਿੱਚ ਆਪਣੇ ਪ੍ਰਤੀ ਸਮਰਪਿਤ ਹੋਣ ਦੇ ਲਈ ਕਿਵੇਂ ਬੁਲਾਇਆ? ਇੰਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੇਣਾ ਹਮੇਸ਼ਾਂ ਆਸਾਨ ਨਹੀਂ ਹੁੰਦਾ। ਪਰ ਮੂਲ ਅਰਥ ਦੀ ਖੋਜ ਕਰਨਾ ਹੀ ਸਾਨੂੰ ਇਸਦੇ ਆਧੁਨਿਕ ਲਾਗੂਕਰਨ ਵੱਲ ਲੈ ਕੇ ਜਾਂਦਾ ਹੈ।

ਇੱਕ ਵਾਰ ਜਦੋਂ ਅਸੀਂ ਪੁਰਾਣੇ ਨੇਮ ਦੇ ਪ੍ਰਾਚੀਨ ਸੰਸਾਰ ਤੇ ਧਿਆਨ ਲਗਾ ਦਿੰਦੇ ਹਾਂ, ਤਾਂ ਫਿਰ ਸਾਡੇ ਸਮੇਂ ਅਤੇ ਪੁਰਾਣੇ ਨੇਮ ਦੇ ਸਮੇਂ ਵਿੱਚਕਾਰ ਹੋਏ ਇਤਿਹਾਸਿਕ ਘਟਨਾਕ੍ਰਮ ਦੀ ਚੁਣੌਤੀ ਨਾਲ ਨਜਿੱਠਣਾ ਪੈਂਦਾ ਹੈ।

## ਇਤਿਹਾਸਿਕ ਘਟਨਾਕ੍ਰਮ ਦਾ ਵਿਕਾਸ

ਦੂਸਰੇ ਧਰਮਾਂ ਦੇ ਪਵਿੱਤਰ ਸ਼ਾਸਤਰਾਂ ਦੇ ਉਲਟ, ਪੁਰਾਣੇ ਨੇਮ ਦੀ ਧਰਮ ਸ਼ਾਸਤਰੀ ਸਿੱਖਿਆ ਸਮਾਂ ਪਾ ਕੇ ਉੱਨਤ ਹੋਈ ਹੈ। ਪੁਰਾਣਾ ਨੇਮ ਅਜਿਹੇ ਬਹੁਤ ਸਾਰੇ ਤਰੀਕਿਆਂ ਨੂੰ ਉਜਾਗਰ ਕਰਦਾ ਹੈ ਜਿੰਨ੍ਹਾਂ ਦੁਆਰਾ ਪਰਮੇਸ਼ੁਰ ਨੇ ਆਪਣੇ ਆਪ, ਸੰਸਾਰ ਅਤੇ ਲੋਕਾਂ ਤੇ ਪੁਰਾਣੇ ਸਮੇਂ ਦੇ ਵਿੱਚ ਪ੍ਰਗਟ ਕੀਤਾ। ਇਹ ਫਿਰ ਇਸਰਾਏਲ ਦੇ ਪੁਰਖਿਆਂ ਦੇ ਦਿਨਾਂ ਵਿੱਚ, ਮੂਸਾ ਦੇ ਦਿਨਾਂ ਵਿੱਚ, ਅਤੇ ਉਸ ਸਮੇਂ ਦੌਰਾਨ ਜਦੋਂ ਇਸਰਾਏਲ ਵਾਅਦਾ ਕੀਤੇ ਹੋਏ ਦੇਸ਼ ਵਿੱਚ ਦਾਖਲ ਹੋਇਆ ਸੀ, ਪਰਮੇਸ਼ੁਰ ਦੇ ਪ੍ਰਗਟਾਵੇ ਨਾਲ ਜਾਰੀ ਹੈ। ਪਰ ਇਹ ਉੱਥੇ ਨਹੀਂ ਰੁਕਦਾ. ਅਸੀਂ ਇਸਰਾਏਲ ਦੀ ਰਾਜਸ਼ਾਹੀ ਦੇ ਯੁੱਗ ਵਿੱਚ,

ਵਾਅਦਾ ਕੀਤੇ ਹੋਏ ਦੇਸ਼ ਤੋਂ ਇਸਰਾਏਲ ਦੇ ਗ਼ੁਲਾਮੀ ਦੀ ਤ੍ਰਾਸਦੀ ਦੇ ਦੌਰਾਨ, ਅਤੇ ਅੰਤ ਵਿੱਚ ਕੁਝ ਇਸਰਾਏਲੀਆਂ ਦੇ ਵਾਅਦਾ ਕੀਤੇ ਹੋਏ ਦੇਸ਼ ਵਿੱਚ ਵਾਪਸ ਆਉਣ ਤੋਂ ਬਾਅਦ ਹੋਏ ਸੰਘਰਸ਼ ਦੇ ਸਮੇਂ ਵਿੱਚ ਪਰਮੇਸ਼ੁਰ ਦੇ ਪ੍ਰਗਟਾਵੇ ਨੂੰ ਵੀ ਦੇਖਦੇ ਹਾਂ। ਇਹ ਇਸ ਤਰ੍ਹਾਂ ਨਹੀਂ ਸੀ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਇੱਕ ਵਾਰ ਕੁਝ ਪ੍ਰਗਟ ਕੀਤਾ ਅਤੇ ਦੁਬਾਰਾ ਕਦੇ ਵੀ ਉਸ ਵਿਸ਼ੇ ਜਾਂ ਵਿਸ਼ੇ ਨਾਲ ਸਬੰਧਤ ਕੁਝ ਨਹੀਂ ਕਿਹਾ। ਇਸ ਦੇ ਉਲਟ, ਪੁਰਾਣੇ ਨੇਮ ਦੇ ਅੰਦਰ ਹੀ, ਪਰਮੇਸ਼ੁਰ ਵੱਧ ਤੋਂ ਵੱਧ ਪ੍ਰਗਟ ਕਰਦਾ ਰਿਹਾ। ਇਹ ਫਿਰ ਇਸਰਾਏਲ ਦੇ ਪੁਰਖਿਆਂ ਦੇ ਦਿਨਾਂ ਵਿੱਚ, ਮੂਸਾ ਦੇ ਦਿਨਾਂ ਵਿੱਚ, ਅਤੇ ਉਸ ਸਮੇਂ ਦੌਰਾਨ ਜਦੋਂ ਇਸਰਾਏਲ ਵਾਅਦਾ ਕੀਤੀ ਹੋਈ ਭੂਮੀ (ਦੇਸ਼) ਵਿੱਚ ਦਾਖਲ ਹੋਇਆ ਸੀ, ਪਰਮੇਸ਼ੁਰ ਦੇ ਪ੍ਰਗਟਾਵੇ ਨਾਲ ਜਾਰੀ ਹੈ। ਪਰ ਇਹ ਉੱਥੇ ਨਹੀਂ ਰੁਕਦਾ. ਅਸੀਂ ਇਸਰਾਏਲ ਦੇ ਰਾਜਸ਼ਾਹੀ ਦੇ ਯੁੱਗ ਵਿੱਚ, ਵਾਅਦਾ ਕੀਤੇ ਹੋਏ ਦੇਸ਼ ਤੋਂ ਇਸਰਾਏਲ ਦੀ ਗ਼ੁਲਾਮੀ ਦੀ ਤ੍ਰਾਸਦੀ ਦੇ ਦੌਰਾਨ, ਅਤੇ ਅੰਤ ਵਿੱਚ ਕੁਝ ਇਸਰਾਏਲੀਆਂ ਦੇ ਵਾਅਦਾ ਕੀਤੇ ਹੋਏ ਦੇਸ਼ ਵਿੱਚ ਵਾਪਸ ਆਉਣ ਤੋਂ ਬਾਅਦ ਹੋਏ ਸੰਘਰਸ਼ ਦੇ ਸਮੇਂ ਵਿੱਚ ਪਰਮੇਸ਼ੁਰ ਦੇ ਪ੍ਰਗਟਾਵੇ ਨੂੰ ਵੀ ਦੇਖਦੇ ਹਾਂ। ਇਹ ਇਸ ਤਰ੍ਹਾਂ ਨਹੀਂ ਸੀ ਕਿ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਇੱਕ ਵਾਰ ਕੁਝ ਪ੍ਰਗਟ ਕੀਤਾ ਅਤੇ ਦੁਬਾਰਾ ਕਦੇ ਵੀ ਉਸ ਵਿਸ਼ੇ ਜਾਂ ਵਿਸ਼ੇ ਨਾਲ ਸਬੰਧਤ ਕੁਝ ਨਹੀਂ ਕਿਹਾ। ਇਸ ਦੇ ਉਲਟ, ਪੁਰਾਣੇ ਨੇਮ ਦੇ ਅੰਦਰ ਹੀ, ਪਰਮੇਸ਼ੁਰ ਵੱਧ ਤੋਂ ਵੱਧ ਪ੍ਰਗਟ ਕਰਦਾ ਰਿਹਾ।

ਇਸ ਤੋਂ ਇਲਾਵਾ, ਨਵੇਂ ਨੇਮ ਦੀਆਂ ਸਿੱਖਿਆਵਾਂ ਵਿੱਚ ਬਾਈਬਲ ਆਧਾਰਿਤ ਵਿਸ਼ਵਾਸ ਵਿੱਚ ਬਹੁਤ ਮਹੱਤਵਪੂਰਨ ਵਿਕਾਸ ਨਜ਼ਰ ਆਉਂਦਾ ਹੈ। ਨਵਾਂ ਨੇਮ ਪੁਰਾਣੇ ਨੇਮ ਦੇ ਅਧਿਕਾਰ ਨੂੰ ਮੰਨਦਾ ਹੈ, ਪਰ ਇਹ ਨਵੇਂ ਨੇਮ ਦੇ ਵਿੱਚ ਹੋਏ ਅੱਗਲੇ ਵਿਕਾਸ ਦੀ ਗੱਲ ਵੀ ਕਰਦਾ ਹੈ। ਇਸ ਲਈ, ਹਰ ਵਾਰ ਜਦੋਂ ਅਸੀਂ ਪੁਰਾਣੇ ਨੇਮ ਦੇ ਕਿਸੇ ਵਚਨ ਨੂੰ ਆਪਣੇ ਜੀਵਨਾਂ ਵਿੱਚ ਲਾਗੂ ਕਰਦੇ ਹਾਂ ਤਾਂ ਸਾਨੂੰ ਇਸਦੇ ਮੂਲ ਅਰਥ ਨਾਲੋਂ ਵੱਧ ਕੇ ਸਾਡੇ ਆਧੁਨਿਕ ਸੰਸਾਰ ਅਤੇ ਪੁਰਾਣੇ ਨੇਮ ਦੇ ਸੰਸਾਰ ਵਿੱਚਕਾਰ ਹੋਏ ਇਤਿਹਾਸਿਕ ਘਟਨਾਕ੍ਰਮ ਦੇ ਵਿਕਾਸ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਬਾਈਬਲ ਆਧਾਰਿਤ ਵਿਸ਼ਵਾਸ ਸਦੀਆਂ ਗੁਜ਼ਰਨ ਦੇ ਨਾਲ ਇੱਕ ਸਮਾਨ ਨਹੀਂ ਰਿਹਾ, ਪਰ ਅਜਿਹਾ ਲੱਗਦਾ ਹੈ ਜਿਵੇਂ ਪਰਮੇਸ਼ੁਰ ਨੇ ਪਹਿਲਾਂ ਇੱਕ ਧਰਮ ਅਰੰਭ ਕੀਤਾ ਅਤੇ ਫਿਰ ਇਸਨੂੰ ਰੱਦ ਕਰਕੇ ਇੱਕ ਨਵੇਂ ਧਰਮ ਨੂੰ ਸ਼ੁਰੂ ਕੀਤਾ। ਬਾਈਬਲ ਇੱਕ ਵਿਕਸਿਤ ਹੋਣ ਵਾਲੇ ਧਰਮ ਜਾਂ ਵਿਸ਼ਵਾਸ ਦੀ ਪ੍ਰਤੀਨਿਧਤਾ ਕਰਦੀ ਹੈ। ਧਰਮ ਸ਼ਾਸਤਰੀ ਅਕਸਰ ਬਾਈਬਲ ਦੇ ਵਿਸ਼ਵਾਸ ਦੇ ਇਸ ਵਿਕਾਸ ਨੂੰ ਜੈਵਿਕ ਵਿਕਾਸ ਵਜੋਂ ਦਰਸਾਉਂਦੇ ਹਨ - ਇਹ ਇਸ ਤਰ੍ਹਾਂ ਵਧਿਆ ਜਿਵੇਂ ਇੱਕ ਰੁੱਖ ਇੱਕ ਬੀਜ ਤੋਂ ਪੂਰੀ ਪਰਿਪੱਕਤਾ ਤੱਕ ਵਧਦਾ ਹੈ। ਜਦੋਂ ਤੁਸੀਂ ਇਸਦੇ ਬਾਰੇ ਸੋਚਦੇ ਹੋ ਤਾਂ ਇੱਕ ਬੀਜ਼ ਕਿਸੇ ਪਰਿਪੱਕ ਰੁੱਖ ਨਾਲੋਂ ਬਹੁਤ ਅਲੱਗ ਦਿੱਸਦਾ ਹੈ। ਵਿਕਾਸ ਦੇ ਹਰੇਕ ਪੜਾਅ ਤੇ ਇਹ ਅਲੱਗ ਨਜ਼ਰ ਆਉਂਦਾ ਹੈ। ਪਰ ਇਹ ਇੱਕ ਪੌਦਾ ਅਤੇ ਇੱਕ ਹੀ ਜੀਵ ਹੁੰਦਾ ਹੈ। ਇਸੇ ਪ੍ਰਕਾਰ ਪੁਰਾਣੇ ਨੇਮ ਦੇ ਪਿੱਛਲੇ ਭਾਗ ਪਹਿਲੇ ਭਾਗਾਂ ਨਾਲੋਂ ਅਲੱਗ ਹਨ। ਅਤੇ ਨਵਾਂ ਨੇਮ ਪੁਰਾਣੇ ਨੇਮ ਨਾਲੋਂ ਅਲੱਗ ਹੈ। ਪਰ ਇਹ ਅਲੱਗਤਾਈਆਂ ਜੈਵਿਕ ਵਿਕਾਸ ਨੂੰ ਦਰਸਾਉਂਦੀਆਂ ਹਨ। ਸਾਡਾ ਵਿਸ਼ਵਾਸ ਲੰਬਾ ਸਮਾਂ ਪਹਿਲਾਂ ਲਗਾਏ ਬੀਜ਼ ਤੋਂ ਵਿਕਸਿਤ ਹੋਇਆ ਹੈ, ਜੋ ਸਾਰੇ ਪੁਰਾਣੇ ਨੇਮ ਵਿੱਚ ਪਰਿਪੱਕ ਹੁੰਦਾ ਰਿਹਾ ਅਤੇ ਨਵੇਂ ਨੇਮ ਵਿੱਚ ਪੂਰੀ ਪਰਿਪੱਕਤਾ ਤੱਕ ਪਹੁੰਚ ਗਿਆ।

> **ਪਰਮੇਸ਼ੁਰ ਇੱਕ ਪਰਿਕਿਰਿਆ ਦੇ ਦੁਆਰਾ ਆਪਣਾ ਪ੍ਰਗਟੀਕਰਨ ਕਰਦਾ ਹੈ। ਬਾਈਬਲ ਇਸਨੂੰ ਵਿਖਾਉਂਦੀ ਹੈ, ਜਿਸਨੂੰ ਅਸੀਂ "ਜੈਵਿਕ ਵਿਕਾਸ" ਕਹਿੰਦੇ ਹਾਂ, ਜਿੱਥੇ ਪਰਮੇਸ਼ੁਰ ਦੇ ਬਾਰੇ ਧਾਰਮਿਕ ਸਿੱਖਿਆਵਾਂ ਅਤੇ ਵਿਚਾਰ ਬੀਜ਼ ਤੋਂ ਪੂਰੇ ਰੂਪ ਵਿੱਚ ਵੱਦਦੇ ਹਨ, ਅਤੇ ਬਾਈਬਲ ਇਸਦੇ ਆਪਣੇ ਵਿਕਸਿਤ ਹੋਣ ਵਾਲੇ ਸੰਦੇਸ਼ ਬਾਰੇ ਗੱਲ ਕਰਦੀ ਹੈ। ਅਤੇ ਇਸ ਲਈ, ਜੀ ਹਾਂ, ਬਾਈਬਲ ਅਤੇ ਪੰਚਗ੍ਰੰਥ ਦੇ ਵਿੱਚਕਾਰ ਵਿਕਾਸ ਬਾਰੇ ਵੀ ਜਾਣਕਾਰੀ ਮੌਜੂਦ ਹੈ। ਇਹ ਪ੍ਰਮਾਤਮਾ ਦੇ ਪ੍ਰਗਟਾਵੇ ਦੀ**

**ਸ਼ੁਰੂਆਤ ਤੋਂ ਲੈ ਕੇ ਪੂਰੇ ਫੁੱਲਾਂ ਤੱਕ ਇੱਕ ਅੰਦੋਲਨ ਹੈ, ਜੇਕਰ ਤੁਸੀਂ ਚਾਹੁੰਦੇ ਹੋ, ਜੇਕਰ ਤੁਸੀਂ ਇੱਕ ਫੁੱਲ ਦੇ ਖਿੜਨ ਦੀ ਇੱਕ ਸਮਾਂ ਲੰਘਣ ਵਾਲੀ ਫੋਟੋ ਦੀ ਕਲਪਨਾ ਕਰ ਸਕਦੇ ਹੋ।**

**— ਰੈਵ. ਮਾਈਕਲ ਜੇ. ਗਲੋਡੋ**

ਜਿਵੇਂ ਕਿ ਅਸੀਂ ਦੇਖ ਸਕਦੇ ਹਾਂ, ਆਧੁਨਿਕ ਵਰਤੋਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ, ਸਾਨੂੰ ਸਿਰਫ਼ ਪੁਰਾਣੇ ਨੇਮ ਦੇ ਪ੍ਰਾਚੀਨ ਸੰਸਾਰ ਅਤੇ ਸ਼ਾਸਤਰਾਂ ਵਿੱਚ ਵਾਪਰੀਆਂ ਇਤਿਹਾਸਕ ਘਟਨਾਵਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ ਹੈ। ਪਰ ਸਾਨੂੰ ਇਸ ਤੱਥ ਲਈ ਵੀ ਦ੍ਰਿੜਤਾ ਨਾਲ ਵਚਨਬੱਧ ਰਹਿਣਾ ਚਾਹੀਦਾ ਹੈ ਕਿ ਪਰਮੇਸ਼ੁਰ ਨੇ ਪੁਰਾਣੇ ਨੇਮ ਨੂੰ ਸਾਡੇ ਸੰਸਾਰ ਨੂੰ ਧਿਆਨ ਵਿਚ ਰੱਖ ਕੇ ਲਿਖਿਆ ਗਿਆ ਹੈ।

## ਸਾਡਾ ਸੰਸਾਰ

ਜਿਵੇਂ ਪੌਲੁਸ 1 ਕੁਰਿੰਥੀਆਂ 10:11 ਵਿੱਚ ਲਿਖਦਾ ਹੈ, ਕਿ ਪੁਰਾਣਾ ਨੇਮ "ਸਾਨੂੰ ਨਿਰਦੇਸ਼ ਦੇਣ ਲਈ ਗੁਣਕਾਰ ਹੈ। ਇਹ ਤੱਥ ਸਾਨੂੰ ਉਨ੍ਹਾਂ ਜਿੰਮੇਵਾਰੀਆਂ ਨੂੰ ਪਹਿਚਾਣਨ ਵਿੱਚ ਸਹਾਇਤਾ ਕਰਦਾ ਹੈ ਜੋ ਆਧੁਨਿਕ ਸਮੇਂ ਮਸੀਹ ਦੇ ਪੈਰੋਕਾਰਾਂ ਦੇ ਰੂਪ ਵਿੱਚ ਸਾਡੇ ਉੱਤੇ ਹਨ।

ਜੇਕਰ ਅੱਜ ਅਸੀਂ ਪ੍ਰਭਾਵਸ਼ਾਲੀ ਰੂਪ ਨਾਲ ਪੁਰਾਣੇ ਨੇਮ ਨੂੰ ਲਾਗੂ ਕਰਨਾ ਹੈ, ਤਾਂ ਸਾਨੂੰ ਆਪਣੇ ਆਪ ਤੋਂ ਇਸ ਪ੍ਰਕਾਰ ਦੇ ਪ੍ਰਸ਼ਨ ਪੁੱਛਣੇ ਚਾਹੀਦੇ ਸਨ: ਪੁਰਾਣੇ ਨੇਮ ਦੇ ਹਵਾਲੇ ਦਾ ਅਸਲ ਅਰਥ ਸਾਡੇ ਸੰਸਾਰ ਉੱਤੇ ਕਿਵੇਂ ਲਾਗੂ ਹੁੰਦਾ ਹੈ? ਇਹ ਕਿਸ ਤਰ੍ਹਾਂ ਦੇ ਲੋਕਾਂ ਨੂੰ ਸੰਬੋਧਿਤ ਕਰਦਾ ਹੈ ਜੋ ਅਸੀਂ ਹਾਂ ਅਤੇ ਉਹਨਾਂ ਸਥਿਤੀਆਂ ਦਾ ਸਾਹਮਣਾ ਕਰਦੇ ਹਾਂ ਜਿਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਾਂ? ਸਾਡੀਆਂ ਕਮਜ਼ੋਰੀਆਂ ਅਤੇ ਤਾਕਤਾਂ ਕੀ ਹਨ? ਅੱਜ ਦੇ ਪੁਰਾਣੇ ਨੇਮ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਲਈ ਇਸ ਕਿਸਮ ਦੇ ਸਵਾਲ ਮਹੱਤਵਪੂਰਨ ਹਨ।

ਲਾਗੂਕਰਨ ਦੀ ਚੁਣੌਤੀ ਨੂੰ ਆਪਣੇ ਮਨ ਵਿੱਚ ਰੱਖਦੇ ਹੋਏ, ਸਾਨੂੰ ਇਸ ਨਾਲ ਸੰਬੰਧਿਤ ਇੱਕ ਹੋਰ ਵਿਸ਼ੇ ਤੇ ਝਾਤੀ ਮਾਰਨੀ ਚਾਹੀਦੀ ਹੈ। ਉਹ ਕਿਹੜੇ ਸੰਬੰਧ ਹਨ ਜਿੰਨਾਂ ਨਾਲ ਪੁਰਾਣੇ ਨੇਮ ਦੇ ਵਚਨਾਂ ਦੇ ਪ੍ਰਾਚੀਨ ਅਤੇ ਮੂਲ ਅਰਥ ਨੂੰ ਸਾਡੇ ਆਧੁਨਿਕ ਸੰਸਾਰ ਵਿੱਚ ਲਾਗੂ ਕਰਨਾ ਸੰਭਵ ਬਣਾਉਂਦੇ ਹਨ?

### ਸੰਬੰਧ

ਬਹੁਤ ਸਾਰੇ ਤਰੀਕਿਆਂ ਦੇ ਨਾਲ, ਪੁਰਾਣੇ ਨੇਮ ਦਾ ਲਾਗੂਕਰਨ ਕਰਨਾ ਪ੍ਰਾਚੀਨ ਸੰਸਾਰ ਤੋਂ ਕਿਸੇ ਕਲਾਕ੍ਰਿਤੀ ਨੂੰ ਲੈ ਕੇ ਹਜਾਰਾਂ ਸਾਲਾਂ ਦੀ ਯਾਤਰਾ ਕਰਕੇ ਇਸਨੂੰ ਆਧੁਨਿਕ ਸੰਸਾਰ ਵਿੱਚ ਖੋਲਣ ਦੇ ਸਮਾਨ ਹੈ। ਜਦੋਂ ਤੁਸੀਂ ਇਸਦੇ ਬਾਰੇ ਸੋਚਦੇ ਹੋ ਤਾਂ ਇਹ ਇੱਕ ਦਿਲਚਸਪ ਯਾਤਰਾ ਦੀ ਤਰ੍ਹਾਂ ਹੈ। ਸਾਨੂੰ ਕਿਉਂ ਲੱਗਦਾ ਹੈ ਕਿ ਅਜਿਹਾ ਕਰਨਾ ਸੰਭਵ ਹੈ। ਅਸੀਂ ਕਿਵੇਂ ਸਫਲ ਹੋ ਸਕਦੇ ਹਾਂ? ਜੇਕਰ ਕਿਸੇ ਵੀ ਪ੍ਰਾਚੀਨ ਕਿਤਾਬ ਨੇ ਕਿਸੇ ਆਧੁਨਿਕ ਵਿਅਕਤੀ ਨੂੰ ਪ੍ਰਭਾਵਿਤ ਕਰਨਾ ਹੈ ਤਾਂ ਫਿਰ ਕਿਤਾਬ ਅਤੇ ਇਸਨੂੰ ਪੜਣ ਵਾਲੇ ਦੇ ਵਿੱਚਕਾਰ ਸੰਬੰਧ ਹੋਣੇ ਬਹੁਤ ਜਰੂਰੀ ਹਨ। ਜੇਕਰ ਬਿਲਕੁੱਲ ਹੀ ਕੋਈ ਸੰਬੰਧ

ਨਾ ਹੋਵੇ ਤਾਂ ਅਸੀਂ ਇਸ ਬਾਰੇ ਕੁਝ ਵੀ ਸਮਝ ਨਹੀਂ ਸਕਦੇ ਅਤੇ ਅਸੀਂ ਇਸਨੂੰ ਰੱਦ ਕਰ ਸਕਦੇ ਹਾਂ। ਅਤੇ ਜਦੋਂ ਅਸੀਂ ਪੁਰਾਣੇ ਨੇਮ ਦਾ ਅਧਿਐਨ ਕਰਦੇ ਹਾਂ ਤਾਂ ਇਸ ਵਿੱਚ ਵੀ ਇਹੀ ਸੱਚ ਹੈ।

ਇੰਨ੍ਹਾਂ ਸੰਬੰਧਾਂ ਦੀਆਂ ਸੂਚੀਆਂ ਬਣਾਉਣ ਦੇ ਬਹੁਤ ਸਾਰੇ ਤਰੀਕੇ ਹਨ, ਪਰ ਤਿੰਨ ਸਮਾਨਤਾ ਨੂੰ ਉਜਾਗਰ ਕਰਨਾ ਸਹਾਈ ਹੋ ਸਕਦਾ ਹੈ। ਸਾਡੇ ਕੋਲ ਉਹੀ ਪਰਮੇਸ਼ੁਰ ਹੈ ਜਿਸਨੂੰ ਪ੍ਰਾਚੀਨ ਇਸਰਾਏਲੀਆਂ ਨੇ ਪਵਿੱਤਰ ਸ਼ਾਸਤਰਾਂ ਦੇ ਵਿੱਚ ਪਹਿਲਾਂ ਪ੍ਰਾਪਤ ਕੀਤਾ ਸੀ; ਅਸੀਂ ਉਸੇ ਸੰਸਾਰ ਵਿੱਚ ਰਹਿੰਦੇ ਹਾਂ ਜਿੱਥੇ ਉਹ ਰਹਿੰਦੇ ਸਨ; ਅਤੇ ਅਸੀਂ ਉਸੇ ਪ੍ਰਕਾਰ ਦੇ ਲੋਕ ਹਾਂ। ਆਉ ਇਸ ਤੱਥ ਦੇ ਨਾਲ ਸ਼ੁਰੂ ਕਰਦੇ ਹੋਏ ਕਿ ਨਵੇਂ ਨੇਮ ਦੇ ਮਸੀਹੀਆਂ ਦਾ ਪਰਮੇਸ਼ੁਰ ਉਹੀ ਪਰਮੇਸ਼ੁਰ ਹੈ ਜਿਸਨੂੰ ਅਸੀਂ ਪੁਰਾਣੇ ਨੇਮ ਵਿੱਚ ਮਿਲਦੇ ਹਾਂ, ਸੰਬੰਧਾਂ ਦੀਆਂ ਇਹਨਾਂ ਲਾਈਨਾਂ ਨੂੰ ਖੋਲ੍ਹੀਏ।

## ਉਹੀ ਪਰਮੇਸ਼ੁਰ

ਜਿਵੇਂ ਅਸੀਂ ਵੇਖ ਚੁੱਕੇ ਹਾਂ ਕਿ ਸਾਡੇ ਆਧੁਨਿਕ ਸੰਸਾਰ ਅਤੇ ਪੁਰਾਣੇ ਨੇਮ ਵਿੱਚ ਇੱਕ ਵੱਡੀ ਦੂਰੀ ਹੈ। ਇਹ ਇੱਕ ਮਹੱਤਵਪੂਰਨ ਢੰਗ ਨਾਲ, ਅਜਿਹੀਆਂ ਬਹੁਤ ਸਾਰੀਆਂ ਸਚਿਆਈਆਂ ਹਨ ਜੋ ਉਹੀ ਰਹੀਆਂ ਹਨ – ਜੋ ਅਸੀਂ ਹਾਂ, ਜਿਸ ਸੰਸਾਰ ਵਿੱਚ ਅਸੀਂ ਰਹਿੰਦੇ ਹਾਂ ਅਤੇ ਜਿਸ ਪਰਮੇਸ਼ੁਰ ਦੀ ਅਸੀਂ ਸੇਵਾ ਕਰਦੇ ਹਾਂ ਜਿਸਦੀ ਸੇਵਾ ਵਫਾਦਾਰ ਇਸਰਾਏਲੀ ਪੁਰਾਣੇ ਨੇਮ ਵਿੱਚ ਕਰਦੇ ਸਨ।ਇਹ ਤੱਥ ਇੱਕ ਬਹੁਤ ਮਹੱਤਵਪੂਰਨ ਸੰਬੰਧ ਨੂੰ ਸਥਾਪਿਤ ਕਰਦਾ ਹੈ ਕਿਉਂਕਿ ਵਚਨ ਸਿਖਾਉਂਦਾ ਹੈ ਕਿ ਪਰਮੇਸ਼ੁਰ ਅਟੱਲ ਅਤੇ ਨਾ ਬਦਲਣ ਵਾਲਾ ਪਰਮੇਸ਼ੁਰ ਹੈ। ਉਹ ਉਹੀ ਪਰਮੇਸ਼ੁਰ ਹੈ ਜੋ ਉਹ ਪੁਰਾਣੇ ਸਮੇਂ ਦੇ ਵਿੱਚ ਸੀ। ਹੁਣ ਸਾਨੂੰ ਇੱਥੇ ਧਿਆਨਪੂਰਵਕ ਰਹਿਣ ਦੀ ਜਰੂਰਤ ਹੈ। ਅਟੱਲਤਾ ਦਾ ਮਤਲਬ ਇਹ ਨਹੀਂ ਹੈ ਕਿ ਪਰਮੇਸ਼ੁਰ ਸਥਿਰ ਹੈ ਇਸਦਾ ਇਹ ਅਰਥ ਨਹੀਂ ਹੈ ਕਿ ਉਹ ਇਤਿਹਾਸ ਵਿੱਚ ਸ਼ਾਮਿਲ ਨਹੀਂ ਹੈ।

***ਸਦੀਪਕ ਸਭਾ.*** ਪਰੰਪਰਾਗਤ ਮਸੀਹੀ ਧਰਮ-ਸ਼ਾਸਤਰੀਆਂ ਨੇ ਠੀਕ ਹੀ ਸਿਖਾਇਆ ਹੈ ਕਿ ਅਜਿਹੇ ਤਿੰਨ ਮੁੱਖ ਤਰੀਕੇ ਹਨ ਜਿਨ੍ਹਾਂ ਵਿੱਚ ਪਰਮੇਸ਼ੁਰ ਇੱਕੋ ਅਟੱਲ ਪਰਮੇਸ਼ੁਰ ਹੈ। ਉਹ ਆਪਣੀ ਸਦੀਪਕ ਸਭਾ ਦੇ ਵਿੱਚ, ਉਸਦੇ ਈਸ਼ਵਰੀ ਗੁਣਾਂ ਵਿੱਚ, ਅਤੇ ਉਸਦੇ ਨੇਮ ਦੇ ਵਾਅਦਿਆਂ ਵਿੱਚ ਨਹੀਂ ਬਦਲਦਾ। ਆਉ ਇਹਨਾਂ ਵਿੱਚੋਂ ਹਰੇਕ ਤਰੀਕਿਆਂ ਨੂੰ ਵੇਖੀਏ ਅਤੇ ਇਹ ਕਿਵੇਂ ਯਕੀਨੀ ਬਣਾਉਂਦੇ ਹਨ ਕਿ ਪਰਮੇਸ਼ੁਰ ਹੁਣ ਵੀ ਉਹੀ ਹੈ ਜਿਵੇਂ ਉਹ ਪੁਰਾਣੇ ਨੇਮ ਦੇ ਦਿਨਾਂ ਵਿੱਚ ਸੀ। ਪਹਿਲਾਂ, ਪਰਮੇਸ਼ੁਰ ਦੀ ਸਦੀਪਕ ਸਭਾ - ਬ੍ਰਹਿਮੰਡ ਲਈ ਉਸਦੀ ਸਦੀਪਕ ਅਤੇ ਅਟੱਲ ਯੋਜਨਾ ਹੈ।

> **ਜਦ ਕਦੇ ਵੀ ਸੰਸਾਰ ਦੇ ਵਿੱਚ ਕੁਝ ਹੁੰਦਾ ਹੈ, ਤਾਂ ਲੋਕ ਇਸ ਬਾਰੇ ਬਹੁਤ ਹੈਰਾਨ ਹੁੰਦੇ ਹਨ ਕਿ ਪਰਮੇਸ਼ੁਰ ਦੇ ਮਨ ਵਿੱਚ ਇਹੀ ਸੀ ਜਾਂ ਕੁਝ ਹੋਰ ਸੀ? ਅਤੇ ਖਾਸ ਤੌਰ ਤੇ ਜਦੋਂ ਸੰਸਾਰ ਦੇ ਵਿੱਚ ਕੁਝ ਗ਼ਲਤ ਹੁੰਦਾ ਹੈ, ਤਾਂ ਪਰਮੇਸ਼ੁਰ ਇਸਦੇ ਵਿੱਚ ਕਿੱਥੇ ਹੁੰਦਾ ਹੈ ਅਤੇ ਜਿਸਦੇ ਵਿੱਚ ਉਸਦਾ ਕੀ ਉਦੇਸ਼ ਹੈ? ਅਤੇ ਮੈਂ ਸੋਚਦਾ ਹਾਂ ਕਿ ਇਹ ਸਾਡੇ ਲਈ ਪਰਮੇਸ਼ੁਰ ਦੀ ਉੱਚ-ਸ਼ਕਤੀ ਦੇ ਬਾਈਬਲ ਆਧਾਰਿਤ ਸਿਧਾਂਤ ਦੀ ਸੰਪੂਰਨਤਾ ਨੂੰ ਸਮਝਣ ਵਿੱਚ ਮਦਦਗਾਰ ਹੈ ਕਿਉਂਕਿ ਇਹ ਸਪੱਸ਼ਟ ਹੈ ਪਰਮੇਸ਼ੁਰ ਦੀ ਅੰਤਿਮ ਇੱਛਾ ਅਤੇ ਉਦੇਸ਼ ਤੋਂ ਬਾਹਰ ਹੋ ਕੇ ਕੁਝ ਵੀ ਨਹੀਂ ਹੁੰਦਾ ਹੈ।ਅਤੇ ਵਚਨ ਦੇ ਵਿੱਚ ਅਜਿਹੇ ਬਹੁਤ ਸਾਰੇ ਸਥਾਨ ਹਨ ਜਿੰਨ੍ਹਾਂ ਵਿੱਚ ਇਸਦੇ ਬਾਰੇ ਜਿਕਰ ਕੀਤਾ ਗਿਆ ਹੈ।**

**ਅਫਸੀਆਂ 1 ਪੱਕੇ ਤੌਰ ਤੇ ਅਜਿਹਾ ਹੀ ਇੱਕ ਵਚਨ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਪਰਮੇਸ਼ੁਰ ਹਰੇਕ ਕੰਮ ਦੇ ਵਿੱਚ ਆਪਣੇ ਉਦੇਸ਼ ਅਤੇ ਇੱਛਾ ਨੂੰ ਪੂਰਿਆਂ ਕਰਦਾ ਹੈ। ਇਸ ਲਈ ਇਤਿਹਾਸ ਦੇ ਵਿੱਚ ਕੁਝ ਵੀ ਹੋਇਆ ਹੈ ਉਹ ਮੁੱਖ ਤੌਰ ਤੇ ਪਰਮੇਸ਼ੁਰ ਦੇ ਹੀ ਉਦੇਸ਼ਾਂ ਦਾ ਹਿੱਸਾ ਸੀ...ਅਤੇ ਪਰਮੇਸ਼ੁਰ ਦੇ ਕੋਲ ਸਾਡੇ ਸੀਮਿਤ ਮਨਾਂ ਦੇ ਲਈ ਵੱਡਾ ਭੇਤ ਹੈ – ਪਰਮੇਸ਼ੁਰ ਦਾ ਇੱਕ ਉਦੇਸ਼ ਹੈ ਜਿਸਨੂੰ ਉਹ ਮਨੁੱਖੀ ਇਤਿਹਾਸ ਦੇ ਦੁਆਰਾ ਪੂਰਿਆਂ ਕਰ ਰਿਹਾ ਹੈ।**

— **ਡਾ. ਫਿਲਿੱਪ ਰਾਈਕਨ**

ਜਿਵੇਂ ਯਸਾਯਾਹ ਨਬੀ ਯਸਾਯਾਹ 46:10 ਵਿੱਚ ਕਹਿੰਦਾ ਹੈ:

ਮੈਂ ਆਦਿ ਤੋਂ ਅੰਤ ਅਤੇ ਮੁੱਢ ਤੋਂ ਜੋ ਅਜੇ ਨਹੀਂ ਹੋਇਆ ਦੱਸਦਾ ਹਾਂ, ਮੈਂ ਆਖਦਾ ਹਾਂ ਮੇਰੀ ਸਲਾਹ ਕਾਇਮ ਰਹੇਗੀ, ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰਿਆਂ ਕਰਾਂਗਾ (ਯਸਾਯਾਹ 46:10)।

ਜਿਵੇਂ ਇਹ ਵਚਨ ਵਿਖਾਉਂਦਾ ਹੈ, ਬਾਈਬਲ ਸਿਖਾਉਂਦੀ ਹੈ ਕਿ ਸਭ ਕੁਝ ਜੋ ਪਰਮੇਸ਼ੁਰ ਨੇ ਕੀਤਾ ਹੈ ਅਤੇ ਸਭ ਕੁਝ ਜੋ ਪਰਮੇਸ਼ੁਰ ਕਰ ਰਿਹਾ ਹੈ ਉਹ ਪਰਮੇਸ਼ੁਰ ਦੇ ਨਾ ਬਦਲਣ ਵਾਲੀ, ਵਿਆਪਕ ਯੋਜਨਾ ਦਾ ਹਿੱਸਾ ਹੈ, ਜਿਸਦੀ ਸਥਾਪਨਾ ਉਸਦੇ ਰਚਨਾ ਦੇ ਕੰਮ ਤੋਂ ਪਹਿਲਾਂ ਕੀਤੀ ਗਈ ਸੀ।

ਇਹਨਾਂ ਸਬਕਾਂ ਵਿੱਚ, ਅਸੀਂ ਇਸ ਸਦੀਪਕ ਯੋਜਨਾ ਦੇ ਟੀਚੇ ਅਤੇ ਦਿਸ਼ਾ ਨੂੰ ਕੁਝ ਵਿਸਤਾਰ ਵਿੱਚ ਖੋਜਾਂਗੇ, ਖਾਸ ਤੌਰ 'ਤੇ ਆਪਣੇ ਰਾਜ ਨੂੰ ਧਰਤੀ 'ਤੇ ਲਿਆਉਣ ਦੀ ਪਰਮੇਸ਼ੁਰ ਦੀ ਯੋਜਨਾ ਜਿਵੇਂ ਕਿ ਇਹ ਸਵਰਗ ਵਿੱਚ ਹੈ। ਪਰ ਇਸ ਸਮੇਂ, ਇਹ ਕਹਿਣਾ ਕਾਫ਼ੀ ਹੋਵੇਗਾ ਕਿ ਪਰਮੇਸ਼ੁਰ ਦੀ ਸਦੀਪਕ ਯੋਜਨਾ ਦੀ ਅਟੱਲਤਾ ਸਾਨੂੰ ਸਿਖਾਉਂਦੀ ਹੈ ਕਿ ਉਸਦੇ ਪੁਰਾਣੇ ਨੇਮ ਦੇ ਉਦੇਸ਼ ਉਸਦੇ ਨਵੇਂ ਨੇਮ ਦੇ ਉਦੇਸ਼ਾਂ ਨਾਲ ਮੇਲ ਖਾਂਦੇ ਹਨ। ਚਾਹੇ ਅਸੀਂ ਕੋਈ ਵੀ ਅੰਤਰ ਅਸੀਂ ਵੇਖਦੇ ਹਾਂ, ਦੋ ਨੇਮ ਦੋ ਵੱਖ-ਵੱਖ ਯੋਜਨਾਵਾਂ ਨੂੰ ਦਰਸਾਉਂਦੇ ਨਹੀਂ ਹਨ। ਨਾ ਤਾਂ ਯੋਜਨਾ ਦੂਜੇ ਦੀ ਥਾਂ ਲੈਂਦੀ ਹੈ ਅਤੇ ਨਾ ਹੀ ਵਿਰੋਧ ਕਰਦੀ ਹੈ। ਇਸਦੇ ਉਲਟ, ਪੁਰਾਣਾ ਨੇਮ ਅਤੇ ਨਵਾਂ ਨੇਮ ਇੱਕ ਏਕੀਕ੍ਰਿਤ ਯੋਜਨਾ ਦੇ ਪੜਾਅ ਜਾਂ ਪੜਾਅ ਹਨ ਜੋ ਇਤਿਹਾਸ ਨੂੰ ਇੱਕ ਅਟੱਲ ਟੀਚੇ ਵੱਲ ਲੈ ਜਾਂਦਾ ਹੈ ਅਤੇ ਹਮੇਸ਼ਾ ਰਹੇਗਾ - ਧਰਤੀ ਨੂੰ ਪਰਮੇਸ਼ੁਰ ਦੇ ਰਾਜ ਵਿੱਚ ਬਦਲਣ ਦਾ ਟੀਚਾ।

***ਈਸ਼ਵਰੀ ਵਿਸ਼ੇਸ਼ਤਾਵਾਂ*** ਦੂਸਰੇ ਸਥਾਨ ਵਿੱਚ ਪਰਮੇਸ਼ੁਰ ਆਪਣੀਆਂ ਈਸ਼ਵਰੀ ਵਿਸ਼ੇਸ਼ਤਾਵਾਂ ਵਿੱਚ ਉਹੀ ਪਰਮੇਸ਼ੁਰ ਹੈ। ਪੱਕੇ ਤੌਰ 'ਤੇ, ਜਿਵੇਂ ਕਿ ਪਰਮੇਸ਼ੁਰ ਇਤਿਹਾਸ ਵਿੱਚ ਸ਼ਾਮਲ ਹੁੰਦਾ ਹੈ, ਉਹ ਵੱਖ-ਵੱਖ ਸਮਿਆਂ 'ਤੇ ਆਪਣੇ ਚਰਿੱਤਰ ਦੇ ਵੱਖ-ਵੱਖ ਪਹਿਲੂਆਂ ਨੂੰ ਪ੍ਰਗਟ ਕਰਦਾ ਹੈ। ਉਦਾਹਰਨ ਲਈ, ਕਦੇ-ਕਦੇ ਉਹ ਆਪਣੀ ਦਇਆ ਦਰਸਾਉਂਦਾ ਹੈ; ਕਈ ਵਾਰੀ ਉਹ ਆਪਣਾ ਗੁੱਸਾ ਪ੍ਰਦਰਸ਼ਿਤ ਕਰਦਾ ਹੈ। ਕਈ ਵਾਰ ਉਹ ਆਪਣੀ ਮਹਾਨ ਸ਼ਕਤੀ ਦਰਸਾਉਂਦਾ ਹੈ; ਕਈ ਵਾਰ ਉਹ ਆਪਣੇ ਆਪ ਨੂੰ ਰੋਕ ਲੈਂਦਾ ਹੈ। ਪਰ ਉਸਦਾ ਸਦੀਪਕ ਸੁਭਾਅ ਕਦੇ ਨਹੀਂ ਬਦਲਦਾ। ਸੁਣੋ ਕਿ ਇਬਰਾਨੀਆਂ ਦਾ ਲੇਖਕ ਇਬਰਾਨੀਆਂ 1:10-12 ਦੇ ਵਿੱਚ ਮਸੀਹ ਦੇ ਸਦੀਪਕ ਸੁਭਾਅ ਦੇ ਬਾਰੇ ਕੀ ਕਹਿੰਦਾ ਹੈ:

ਅਤੇ ਇਹ ਵੀ ਹੇ ਪ੍ਰਭੂ, ਤੂੰ ਆਦਿ ਵਿੱਚ ਧਰਤੀ ਦੀ ਨੀਂਹ ਧਰੀ, ਅਤੇ ਆਕਾਸ਼ ਤੇਰੇ ਹੱਥਾਂ ਦੀ ਕਾਰਾਗਿਰੀ ਹਨ, ਉਹ ਨਾਸ਼ ਹੋ ਜਾਣਗੇ, ਪਰ ਤੂੰ ਅਟੱਲ ਰਹਿੰਦਾ ਹੈਂ, ਉਹ ਸਾਰੇ ਕੱਪੜੇ ਦੀ ਤਰ੍ਹਾਂ ਪੁਰਾਣੇ ਹੋ ਜਾਣਗੇ, ਤੂੰ ਚਾਦਰ ਦੀ ਤਰ੍ਹਾਂ ਉਨ੍ਹਾਂ ਨੂੰ ਵਲੇਟੇਂਗਾ ਅਤੇ ਕੱਪੜੇ ਵਾਂਙੁ ਉਹ ਬਦਲੇ ਜਾਣਗੇ, ਪਰ ਤੂੰ ਉਹੀ ਹੈਂ ਅਤੇ ਤੇਰੇ ਵਰ੍ਹੇ ਮੁਕਣਗੇ ਨਹੀਂ (ਇਬਰਾਨੀਆਂ 1:10-12)।

ਅਤੇ ਅਸੀਂ ਯਾਕੂਬ 1:17 ਵਿੱਚ ਇਸ ਪ੍ਰਕਾਰ ਪੜ੍ਹਦੇ ਹਾਂ:

ਹਰੇਕ ਚੰਗਾ ਦਾਨ ਅਤੇ ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ ਅਤੇ ਜੋਤਾ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਜਿਹ ਦੇ ਵਿੱਚ ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸੱਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ (ਯਾਕੂਬ 1:17)।

ਜਿਵੇਂ ਯਾਕੂਬ ਇੱਥੇ ਦੱਸਦਾ ਹੈ, ਸਾਡਾ ਪਰਮੇਸ਼ੁਰ ਕਦੇ ਬਦਲਦਾ ਨਹੀਂ ਹੈ।

ਦੁੱਖ ਦੀ ਗੱਲ ਹੈ ਕਿ ਕੁਝ ਚੰਗੇ ਮਸੀਹੀ ਲੋਕ ਵੀ ਅਕਸਰ ਇੰਝ ਗੱਲ ਕਰਦੇ ਹਨ ਜਿਵੇਂ ਪਰਮੇਸ਼ੁਰ ਦੀਆਂ ਪੁਰਾਣੇ ਨੇਮ ਵਿੱਚ ਵਿਸ਼ੇਸ਼ਤਾਵਾਂ ਉਸ ਦੀਆਂ ਨਵੇਂ ਨੇਮ ਦੀਆਂ ਵਿਸ਼ੇਸ਼ਤਾਵਾਂ ਨਾਲੋਂ ਬਹੁਤ ਅਲੱਗ ਹੋਣ। . ਮੈਨੂੰ ਯਾਦ ਹੈ ਕਿ ਮੈਂ ਛੇ ਸਾਲਾਂ ਦੀ ਉਮਰ ਵਿੱਚ ਯਰੀਹੋ ਵਿਖੇ ਯਹੋਸ਼ੁਆ ਦੀ ਲੜਾਈ ਬਾਰੇ ਆਪਣੇ ਅਧਿਆਪਕ ਦੀ ਟਿੱਪਣੀ ਸੁਣ ਰਿਹਾ ਸੀ। ਜਦੋਂ ਉਸਨੇ ਸਾਨੂੰ ਕਹਾਣੀ ਦੱਸੀ ਤਾਂ ਉਸਨੇ ਸਾਡੇ ਸਾਰਿਆਂ ਵੱਲ ਦੇਖਿਆ ਅਤੇ ਕਿਹਾ, "ਲੜਕੇ ਅਤੇ ਲੜਕੀਓ, ਪੁਰਾਣੇ ਨੇਮ ਵਿੱਚ ਪਰਮੇਸ਼ੁਰ ਬਹੁਤ ਹੀ ਮਾੜਾ ਸੀ। ਉਹ ਇੱਥੋਂ ਤੱਕ ਚਾਹੁੰਦਾ ਸੀ ਕਿ ਬੱਚੇ ਵੀ ਮਾਰ ਦਿੱਤੇ ਜਾਣ। ਪਰ ਪਰਮੇਸ਼ੁਰ ਹੁਣ ਬਦਲ ਗਿਆ ਹੈ। ਨਵੇਂ ਨੇਮ ਵਿੱਚ ਉਹ ਸਾਰਿਆਂ ਨੂੰ ਪਿਆਰ ਕਰਦਾ ਹੈ। ਕੀ ਤੁਸੀਂ ਖੁਸ਼ ਨਹੀਂ ਹੋ ਕਿ ਤੁਸੀਂ ਪੁਰਾਣੇ ਨੇਮ ਦੀ ਬਜਾਏ ਨਵੇਂ ਨੇਮ ਦੇ ਸਮੇਂ ਵਿੱਚ ਰਹਿੰਦੇ ਹੋ?" ਅਤੇ ਬੇਸ਼ੱਕ, ਅਸੀਂ ਸਾਰੇ ਬਹੁਤ ਖੁਸ਼ ਸੀ. ਸਾਡੇ ਵਿੱਚੋਂ ਕੋਈ ਵੀ ਯਰੀਹੋ ਦੇ ਬੱਚਿਆਂ ਵਾਂਗ ਮਰਨਾ ਨਹੀਂ ਚਾਹੁੰਦਾ ਸੀ।

ਹੁਣ, ਭਾਵੇਂ ਮੇਰਾ ਅਧਿਆਪਕ ਇੱਕ ਬਹੁਤ ਚੰਗੀ ਮਸੀਹੀ ਸੀ, ਪਰ ਇਹ ਉਸਦੀ ਬਹੁਤ ਹੀ ਗੰਭੀਰ ਗ਼ਲਤਫਹਿਮੀ ਸੀ। ਪਰਮੇਸ਼ੁਰ ਦੀਆਂ ਵਿਸ਼ੇਸ਼ਤਾਵਾਂ ਪੁਰਾਣੇ ਅਤੇ ਨਵੇਂ ਨੇਮ ਦੇ ਵਿੱਚਕਾਰ ਬਦਲੀਆਂ ਨਹੀਂ ਸਨ। ਸਗੋਂ ਇਸਦੇ ਉਲਟ ਉਹ ਪੁਰਾਣੇ ਅਤੇ ਨਵੇਂ ਦੋਵਾਂ ਨੇਮਾਂ ਵਿੱਚ ਨਿਆਂ ਵਿੱਚ ਸਜਾ ਦੇਣ ਵਾਲਾ ਪਰਮੇਸ਼ੁਰ ਹੈ। ਅਤੇ ਉਹ ਪੁਰਾਣੇ ਅਤੇ ਨਵੇਂ ਨੇਮ ਵਿੱਚ ਪਿਆਰ ਕਰਨ ਵਾਲਾ ਪਰਮੇਸ਼ੁਰ ਹੈ। ਪਰਮੇਸ਼ੁਰ ਦੀਆਂ ਵਿਸ਼ੇਸ਼ਤਾਵਾਂ ਸਦੀਪਕ ਹਨ। ਉਹ ਸਦਾ ਦੇ ਲਈ ਅਟੱਲ ਸਨ ਅਤੇ ਅਟੱਲ ਰਹਿਣਗੀਆਂ।

ਪਰਮੇਸ਼ੁਰ ਦੇ ਅਟੱਲ ਹੋਣ ਦੀਆਂ ਵਿਸ਼ੇਸ਼ਤਾਵਾਂ ਅਜਿਹੇ ਸੰਬੰਧ ਉਜਾਗਰ ਕਰਦੀਆਂ ਹਨ ਜੋ ਇਤਿਹਾਸ ਦੇ ਹਰੇਕ ਭਾਗ ਵਿੱਚ ਪਾਏ ਜਾਂਦੇ ਹਨ। ਪਰਮੇਸ਼ੁਰ ਦੀਆਂ ਵਿਸ਼ੇਸ਼ਤਾਵਾਂ ਬਿਲਕੁੱਲ ਵੀ ਨਹੀਂ ਬਦਲੀਆਂ ਹਨ। ਇਸ ਲਈ ਅਸੀਂ ਇਸ ਗੱਲ ਦੇ ਪ੍ਰਤੀ ਪੱਕੇ ਹੋ ਸਕਦੇ ਹਾਂ ਕਿ ਉਸਦੇ ਕੰਮ ਅਤੇ ਪ੍ਰਕਾਸ਼ ਪੁਰਾਣੇ ਨੇਮ ਵਿੱਚ, ਨਵੇਂ ਨੇਮ ਵਿੱਚ ਅਤੇ ਸਾਡੇ ਸਮੇਂ ਦੇ ਵਿੱਚ ਇੱਕ ਸਮਾਨ ਹੀ ਉਸਦੇ ਸਦੀਪਕ ਸੁਭਾਅ ਨੂੰ ਦਰਸਾਉਂਦੇ ਹਨ। ਉਹ ਹੈ, ਅਤੇ ਸਦਾ ਰਿਹਾ ਹੈ, ਉਹੀ ਪਰਮੇਸ਼ੁਰ ਜਿਸਦੀ ਅਸੀਂ ਅੱਜ ਅਰਾਧਨਾ ਕਰਦੇ ਹਾਂ।

***ਨੇਮ ਦੇ ਵਾਅਦੇ.*** ਤੀਸਰੇ ਸਥਾਨ ਦੇ ਵਿੱਚ, ਪਰਮੇਸ਼ੁਰ ਆਪਣੇ ਨੇਮ ਦੇ ਵਾਅਦਿਆਂ ਵਿੱਚ ਵੀ ਉਹੀ ਪਰਮੇਸ਼ੁਰ ਹੈ। ਅਤੇ

ਪਰਮੇਸ਼ੁਰ ਬਿਨਾਂ ਕਿਸੇ ਅਸਫਲਤਾ ਦੇ ਆਪਣੇ ਦੁਆਰਾ ਆਪਣੇ ਲੋਕਾਂ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਪੂਰਿਆਂ ਕਰੇਗਾ।

ਹੁਣ, ਸਾਨੂੰ ਇੱਥੇ ਸਾਵਧਾਨ ਹੋਣ ਦੀ ਲੋੜ ਹੈ।ਧਰਮ-ਗ੍ਰੰਥ ਵਿੱਚ ਕਈ ਵਾਰ, ਪਰਮੇਸ਼ੁਰ ਲੋਕਾਂ ਨੂੰ ਧਮਕੀਆਂ ਦਿੰਦਾ ਹੈ ਅਤੇ ਚੀਜ਼ਾਂ ਦੀ ਪੇਸ਼ਕਸ਼ ਕਰਦਾ ਹੈ ਜੋ ਉਹ ਪੂਰੀਆਂ ਨਹੀਂ ਕਰਦਾ। ਪਰ ਧਮਕੀਆਂ ਅਤੇ ਪੇਸ਼ਕਸ਼ਾਂ ਨੇਮ ਦੇ ਵਾਅਦੇ ਨਹੀਂ ਹਨ। ਨੇਮ ਦੇ ਵਾਅਦੇ ਉਹ ਹਨ ਜੋ ਪਰਮੇਸ਼ੁਰ ਨੇ ਕਰਨ ਦੀ ਸਹੁੰ ਖਾਧੀ ਹੈ, ਅਤੇ ਇਹ ਨੇਮ ਦੀਆਂ ਸਹੁੰਆਂ ਅਟੱਲ ਹਨ। ਜਿਵੇਂ ਇਬਰਾਨੀਆਂ 6:17 ਵਿੱਚ ਲਿਖਿਆ ਹੋਇਆ ਹੈ:

> ਇਸ ਕਰਕੇ ਜਦੋਂ ਪਰਮੇਸ਼ੁਰ ਨੇ ਵਾਇਦੇ ਦੇ ਅਧਕਾਰੀਆਂ ਉੱਤੇ ਆਪਣੀ ਮਨਸ਼ਾ ਨੂੰ ਹੋਰ ਵੀ ਅਟੱਲ ਕਰ ਕੇ ਪਰਗਟ ਕਰਨਾ ਚਾਹਿਆ ਤਾਂ ਵਿਚਾਲੇ ਸੌਂਹ ਲਿਆਂਦੀ (ਇਬਰਾਨੀਆਂ 6:17)।

ਇਹੀ ਕਾਰਨ ਹੈ ਕਿ ਪਰਮੇਸ਼ੁਰ ਦੇ ਨੇਮ ਇਸ ਲੜੀ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਪੂਰੇ ਨਵੇਂ ਅਤੇ ਪੁਰਾਣੇ ਨੇਮ ਦੀ ਸਿੱਖਿਆ ਇੱਕ ਸਾਰ ਮਿਲੀ ਹੋਈ ਹੈ ਕਿਉਂਕਿ ਪਰਮੇਸ਼ੁਰ ਆਪਣੇ ਰਾਜ ਦੇ ਵਾਅਦਿਆਂ ਨੂੰ ਮੁੱਖ ਨੇਮਾਂ ਦੀ ਇੱਕ ਲੜੀ ਨਾਲ ਪੂਰਿਆਂ ਕਰਦਾ ਹੈ। ਹਰੇਕ ਨੇਮ ਪਿੱਛਲੇ ਨੇਮ ਤੇ ਉਸਰਦਾ ਅਤੇ ਵਿਕਾਸ ਕਰਦਾ ਹੈ।

ਪਹਿਲਾਂ, ਪਰਮੇਸ਼ੁਰ ਨੇ ਆਦਮ ਦੇ ਦਿਨਾਂ ਵਿੱਚ ਇੱਕ ਨੇਮ ਬੰਨ੍ਹਿਆ, ਪਰਮੇਸ਼ੁਰ ਦੇ ਰਾਜ ਦੇ ਟੀਚਿਆਂ ਅਤੇ ਮਨੁੱਖਾਂ ਦੀ ਭੂਮਿਕਾ ਨੂੰ ਸਥਾਪਿਤ ਕੀਤਾ। ਨੂਹ ਦੇ ਦਿਨਾਂ ਵਿੱਚ, ਪਰਮੇਸ਼ੁਰ ਨੇ ਕੁਦਰਤ ਦੀ ਸਥਿਰਤਾ ਨੂੰ ਯਕੀਨੀ ਬਣਾਉਂਦੇ ਹੋਏ, ਇਸ ਨੇਮ ਉੱਤੇ ਬਣਾਇਆ ਸੀ। ਅਬਰਾਹਾਮ ਦੇ ਦਿਨਾਂ ਵਿੱਚ, ਪਰਮੇਸ਼ੁਰ ਨੇ ਵਾਅਦਾ ਕੀਤਾ ਸੀ ਕਿ ਇਸਰਾਏਲ ਵਧੇਗਾ ਅਤੇ ਸਾਰੇ ਸੰਸਾਰ ਵਿੱਚ ਪਰਮੇਸ਼ੁਰ ਦੀਆਂ ਬਰਕਤਾਂ ਨੂੰ ਫੈਲਾਏਗਾ। ਮੂਸਾ ਦੇ ਨਾਲ ਆਪਣੇ ਨੇਮ ਵਿੱਚ, ਪਰਮੇਸ਼ੁਰ ਨੇ ਇਸਰਾਏਲ ਦੇ ਗੋਤਾਂ ਦੇ ਸਾਹਮਣੇ ਆਪਣਾ ਕਾਨੂੰਨ ਰੱਖਿਆ। ਦਾਊਦ ਦੇ ਦਿਨਾਂ ਵਿੱਚ, ਉਸਨੇ ਇਸਰਾਏਲ ਨੂੰ ਇੱਕ ਰਾਜ ਵਜੋਂ ਸਥਾਪਿਤ ਕੀਤਾ ਅਤੇ ਜ਼ੋਰ ਦਿੱਤਾ ਕਿ ਦਾਊਦ ਦਾ ਵੰਸ਼ਜ ਸਿੰਘਾਸਣ ਉੱਤੇ ਬੈਠੇਗਾ ਅਤੇ ਸਦਾ ਲਈ ਰਾਜ ਕਰੇਗਾ। ਅਤੇ ਅੰਤ ਵਿੱਚ, ਪਰਮੇਸ਼ੁਰ ਨੇ ਮਸੀਹ ਵਿੱਚ ਨਵਾਂ ਨੇਮ ਬਣਾਇਆ, ਅਤੀਤ ਦੀਆਂ ਅਸਫਲਤਾਵਾਂ ਨੂੰ ਉਲਟਾ ਕੇ ਅਤੇ ਆਪਣੇ ਰਾਜ ਦੇ ਉਦੇਸ਼ਾਂ ਨੂੰ ਪੂਰਾ ਕੀਤਾ। ਬੇਸ਼ੱਕ, ਪਰਮੇਸ਼ੁਰ ਨੇ ਇਹਨਾਂ ਇਕਰਾਰਾਂ ਵਿੱਚੋਂ ਹਰੇਕ ਵਿੱਚ ਵੱਖੋ-ਵੱਖਰੀਆਂ ਰਾਜ ਦੀਆਂ ਨੀਤੀਆਂ ਉੱਤੇ ਜ਼ੋਰ ਦਿੱਤਾ, ਜਿਵੇਂ ਕਿ ਉਸਨੇ ਆਪਣੀ ਅਥਾਹ ਬੁੱਧੀ ਵਿੱਚ ਫਿੱਟ ਦੇਖਿਆ। ਪਰ ਉਸ ਨੇ ਇਨ੍ਹਾਂ ਇਕਰਾਰਾਂ ਵਿੱਚੋਂ ਹਰੇਕ ਵਿੱਚ ਕੀਤਾ ਹਰ ਵਾਅਦਾ ਪੂਰਾ ਕੀਤਾ ਜਾਵੇਗਾ ਕਿਉਂਕਿ ਉਸ ਦੇ ਨੇਮ ਦੇ ਵਾਅਦੇ ਅਟੱਲ ਹਨ।

ਸਾਨੂੰ ਸਭ ਨੂੰ ਇਹ ਸਵੀਕਾਰ ਕਰਨੀ ਪਵੇਗੀ ਕਿ ਕਈ ਸਾਨੂੰ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪਰਮੇਸ਼ੁਰ ਨੇ ਆਪਣੇ ਵਾਅਦਿਆਂ ਭੁਲਾ ਦਿੱਤਾ ਹੈ ਜਾਂ ਉਨ੍ਹਾਂ ਨੂੰ ਇੱਕ ਪਾਸੇ ਰੱਖ ਦਿੱਤਾ ਹੈ। ਪਰ ਅਸਲੀਅਤ ਇਹ ਹੈ ਕਿ ਜਦੋਂ ਅਸੀਂ ਵਚਨਾਂ ਨੂੰ ਸਹੀ ਤਰੀਕੇ ਨਾਲ ਸਮਝਦੇ ਹਾਂ – ਇਹ ਯਾਦ ਰੱਖਦੇ ਹੋਏ ਕਿ ਪਰਮੇਸ਼ੁਰ ਕਦੇ ਬਦਲਦਾ ਨਹੀਂ ਹੈ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਜਾਂ ਤਾਂ ਹਰੇਕ ਨੇਮ ਦਾ ਵਾਅਦਾ ਪੂਰਾ ਹੋ ਚੁੱਕਾ ਹੈ ਜਾਂ ਉਹ ਪੂਰਾ ਹੋ ਰਿਹਾ ਹੈ। ਪਰਮੇਸ਼ੁਰ ਆਪਣੇ ਵਾਅਦਿਆਂ ਨੂੰ ਅਜਿਹੇ ਤਰੀਕਿਆਂ ਨਾਲ ਪੂਰਾ ਕਰ ਸਕਦਾ ਹੈ ਜਿਨ੍ਹਾਂ ਦੀ ਕਿਸੇ ਨੇ ਕਦੇ ਉਮੀਦ ਨਹੀਂ ਕੀਤੀ ਸੀ, ਪਰ ਫਿਰ ਵੀ ਉਹ ਉਨ੍ਹਾਂ ਨੂੰ ਪੂਰਾ ਕਰੇਗਾ। ਅਤੇ ਕਿਉਂਕਿ ਪਰਮੇਸ਼ੁਰ ਪੁਰਾਣੇ ਨੇਮ ਵਿੱਚ ਉਹੀ ਅਟੱਲ ਪਰਮੇਸ਼ੁਰ ਹੈ ਜੋ ਉਹ ਅੱਜ ਹੈ, ਉਸਦੇ ਨੇਮ ਦੇ ਵਾਅਦੇ ਸਾਨੂੰ ਪੁਰਾਣੇ ਨੇਮ ਦੀਆਂ ਪ੍ਰਾਚੀਨ ਸਿੱਖਿਆਵਾਂ ਨਾਲ ਜੋੜਦੇ ਹਨ।

ਅਸੀਂ ਦੇਖਿਆ ਹੈ ਕਿ ਪੁਰਾਣੇ ਨੇਮ ਅਤੇ ਅੱਜ ਸਾਡੀ ਨਿਹਚਾ ਇਸ ਤੱਥ ਨਾਲ ਜੁੜੀ ਹੋਈ ਹੈ ਕਿ ਸਾਡੇ ਕੋਲ ਉਹੀ ਅਟੱਲ ਪਰਮੇਸ਼ੁਰ ਹੈ। ਹੁਣ, ਸਾਨੂੰ ਪੁਰਾਣੇ ਨੇਮ ਦੇ ਵਿਸ਼ਵਾਸ ਅਤੇ ਅੱਜ ਦੇ ਮਸੀਹੀ ਵਿਸ਼ਵਾਸ ਦੇ ਵਿਚਕਾਰ ਦੂਜੇ ਕਿਸਮ ਦੇ ਸਬੰਧ ਵੱਲ ਮੁੜਨਾ ਚਾਹੀਦਾ ਹੈ - ਇਹ ਤੱਥ ਕਿ ਅਸੀਂ ਇੱਕੋ ਸੰਸਾਰ ਵਿੱਚ ਰਹਿੰਦੇ ਹਾਂ।

## ਉਹੀ ਸੰਸਾਰ

ਜਿਵੇਂ ਅਸੀਂ ਪਹਿਲਾਂ ਵੇਖਿਆ ਹੈ ਕਿ, ਸਾਡੇ ਲਈ ਸਾਡੇ ਸਮੇਂ ਅਤੇ ਪੁਰਾਣੇ ਨੇਮ ਦੇ ਸਮੇਂ ਵਿੱਚਕਾਰ ਅੰਤਰ ਤੇ ਧਿਆਨ ਲਗਾਉਣਾ ਆਸਾਨ ਹੈ। ਪਰ ਭਾਵੇਂ ਕਿ ਪ੍ਰਾਚੀਨ ਇਸਰਾਏਲ ਦੇ ਸਮੇਂ ਤੋਂ ਲੈ ਕੇ ਤੱਕ ਬਹੁਤ ਬਦਲਾਅ ਆ ਚੁੱਕਾ ਹੈ। ਪਰ ਅਸੀਂ ਅੱਜ ਵੀ ਉਸੇ ਸੰਸਾਰ ਵਿੱਚ ਵੱਸਦੇ ਹਾਂ ਸਾਨੂੰ ਕਦੇ ਵੀ ਅਜਿਹੀ ਸੋਚ ਨਹੀਂ ਰੱਖਣੀ ਚਾਹੀਦੀ ਕਿ ਪੁਰਾਣਾ ਨੇਮ ਕਿਸੇ ਹੋਰ ਸੰਸਾਰ ਵਿੱਚ ਲਿਖਿਆ ਗਿਆ ਸੀ, ਕਿਸੇ ਅਜਿਹੇ ਸੰਸਾਰ ਵਿੱਚ ਜੋ ਸਾਡੇ ਤੋਂ ਬਹੁਤ ਅਲੱਗ ਸੀ। ਪੁਰਾਣੇ ਨੇਮ ਦਾ ਸੰਸਾਰ ਇਹੀ ਸੰਸਾਰ ਸੀ ਜਿਸ ਵਿੱਚ ਅੱਜ ਮੈਂ ਅਤੇ ਤੁਸੀਂ ਰਹਿੰਦੇ ਹਾਂ। ਅਸੀਂ ਪੁਰਾਣੇ ਨੇਮ ਵਾਲੇ ਵਿਸ਼ਵਾਸੀਆਂ ਦੇ ਨਾਲ਼ ਸਾਂਝਾ ਇਤਿਹਾਸ ਅਤੇ ਇੱਕਸਮਾਨ ਹਾਲਾਤ ਸਾਂਝੇ ਕਰਦੇ ਹਾਂ ਪੁਰਾਣੇ ਨੇਮ ਦੀ ਇੱਕ ਬਹੁਤ ਸਪੱਸ਼ਟ ਅਤੇ ਫਿਰ ਵੀ

ਅਦਭੁੱਤ ਵਿਸ਼ੇਸ਼ਤਾ ਇਹ ਹੈ ਕਿ ਇਹ ਨਵੇਂ ਨੇਮ ਦੀਆਂ ਘਟਨਾਵਾਂ ਅਤੇ ਸਿੱਖਿਆਵਾਂ ਅਤੇ ਸਾਡੇ ਮੌਜੂਦਾ ਸੰਸਾਰ ਦਾ ਪਿਛੋਕੜ ਪ੍ਰਦਾਨ ਕਰਦਾ ਹੈ। ਪੁਰਾਣੇ ਨੇਮ ਦੀਆਂ ਘਟਨਾਵਾਂ ਖਲਾਅ ਵਿੱਚ ਨਹੀਂ ਵਾਪਰੀਆਂ। ਉਹ ਕਾਲਪਨਿਕ ਨਹੀਂ ਸਨ। ਉਹ ਅਸਲ ਇਤਿਹਾਸ ਵਿੱਚ ਵਾਪਰੀਆਂ ਹਨ, ਅਤੇ ਉਹਨਾਂ ਨੇ ਸੰਸਾਰ ਤੇ ਬਹੁਤ ਸਾਰੇ ਨਿਸ਼ਾਨ ਛੱਡੇ ਹਨ ਜੋ ਹਮੇਸ਼ਾ ਲਈ ਬਰਕਰਾਰ ਰਹਿਣਗੇ। ਉਦਾਹਰਨ ਦੇ ਲਈ ਸੀਨਈ ਪਹਾੜ ਤੇ ਦਿੱਤੇ ਗਏ ਦਸ ਹੁਕਮਾਂ ਨੇ ਨਵੇਂ ਨੇਮ ਦੀ ਨੈਤਿਕ ਸਿੱਖਿਆ ਦੀ ਨੀਂਹ ਧਰੀ। ਅਤੇ ਅਸੀਂ ਦਸ ਹੁਕਮਾਂ ਦਾ ਅਸਰ ਸੰਸਾਰ ਭਰ ਦੀਆਂ ਨੈਤਿਕ ਸਿੱਖਿਆਵਾਂ ਦੇ ਵਿੱਚ ਵੀ ਵੇਖ ਸਕਦੇ ਹਾਂ। ਇਸੇ ਤਰ੍ਹਾਂ, ਇਸਨੇ ਪਰਮੇਸ਼ੁਰ ਦੇ ਲੋਕਾਂ ਲਈ ਸਥਾਈ ਰਾਜਵੰਸ਼ ਦੇ ਮੁਖੀ ਵਜੋਂ ਦਾਊਦ ਦੀ ਚੋਣ ਨੇ ਦਾਊਦ ਦੇ ਮਹਾਨ ਪੁੱਤਰ ਵਜੋਂ ਯਿਸੂ ਦੇ ਵੰਸ਼ ਦੀ ਇਤਿਹਾਸਕ ਵਿਆਖਿਆ ਪ੍ਰਦਾਨ ਕੀਤੀ। ਅਤੇ ਬੇਸ਼ੱਕ, ਦਾਊਦ ਦੇ ਪੁੱਤਰ ਵਜੋਂ, ਯਿਸੂ ਅਜੇ ਵੀ ਸਾਰਿਆਂ ਉੱਤੇ ਰਾਜਾ ਬਣਿਆ ਹੋਇਆ ਹੈ, ਕੇਵਲ ਉਹੀ ਜੋ ਸਾਨੂੰ ਮੁਕਤੀ ਦੇ ਸਕਦਾ ਹੈ। ਇਹਨਾਂ ਅਤੇ ਹੋਰ ਅਣਗਿਣਤ ਤਰੀਕਿਆਂ ਨਾਲ, ਪੁਰਾਣਾ ਨੇਮ ਸਾਡੇ ਦਿਨਾਂ ਲਈ ਇਤਿਹਾਸਕ ਪਿਛੋਕੜ ਪ੍ਰਦਾਨ ਕਰਦਾ ਹੈ।

***ਸਮਾਨਾਂਤਰ ਹਾਲਾਤ.*** ਦੂਸਰੇ ਸਥਾਨ ਵਿੱਚ ਅਸੀਂ ਜਾਣਦੇ ਹਾਂ ਕਿ ਨਵੇਂ ਨੇਮ ਦੇ ਵਿਸ਼ਵਾਸੀਆਂ ਦੇ ਤੌਰ ਤੇ ਅਸੀਂ ਉਸੇ ਸੰਸਾਰ ਵਿੱਚ ਵੱਸਦੇ ਹਾਂ ਜਿਸ ਵਿੱਚ ਪੁਰਾਣਾ ਨੇਮ ਲਿਖਿਆ ਗਿਆ ਸੀ ਕਿਉਂਕਿ ਇਸ ਤੋਂ ਅਸੀਂ ਆਪਣੇ ਅਨੁਭਵਾਂ ਦੇ ਇਤਿਹਾਸਿਕ ਪਿਛੋਕੜ ਹੀ ਪ੍ਰਾਪਤ ਨਹੀਂ ਕਰਦੇ ਪਰ ਅਸੀਂ ਅੱਜ ਵੀ ਪੁਰਾਣੇ ਨੇਮ ਜਿਹੇ ਬਹੁਤ ਸਾਰੇ ਸਮਾਨਾਂਤਰ ਹਾਲਾਤ ਵੇਖਦੇ ਹਾਂ।

ਪੁਰਾਣੇ ਨੇਮ ਦੇ ਵਿਸ਼ਵਾਸੀਆਂ ਦੀ ਤਰ੍ਹਾਂ, ਅਸੀਂ ਅਜਿਹੇ ਸੰਸਾਰ ਵਿੱਚ ਰਹਿੰਦੇ ਹਾਂ ਜਿਸਨੂੰ ਪਰਮੇਸ਼ੁਰ ਨੇ ਬਣਾਇਆ ਹੈ ਅਤੇ ਜੋ ਪਾਪ ਦੇ ਵਿੱਚ ਡਿੱਗਿਆ ਹੋਇਆ ਹੈ। ਪੁਰਾਣੇ ਨੇਮ ਦੇ ਵਫ਼ਾਦਾਰਾਂ ਨੂੰ ਦੂਜੇ ਲੋਕਾਂ ਅਤੇ ਸ਼ੈਤਾਨੀ ਸ਼ਕਤੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਅਤੇ ਅੱਜ ਅਸੀਂ ਉਸੇ ਵਿਰੋਧ ਦਾ ਸਾਹਮਣਾ ਕਰ ਰਹੇ ਹਾਂ। ਪੁਰਾਣੇ ਨੇਮ ਵਿੱਚ, ਲੋਕ ਜਿੱਤ ਪ੍ਰਾਪਤ ਕਰਨ ਦੇ ਲਈ ਪਰਮੇਸ਼ੁਰ ਦੀ ਮਦਦ 'ਤੇ ਨਿਰਭਰ ਕਰਦੇ ਸਨ। ਅਸੀਂ ਉਸਦੀ ਮਦਦ 'ਤੇ ਹੀ ਨਿਰਭਰ ਕਰਦੇ ਹਾਂ। ਇਸ ਤਰ੍ਹਾਂ ਦੀਆਂ ਸਮਾਨਤਾਵਾਂ ਵਿਆਪਕ ਹਨ। ਇੱਕ ਵਾਰ ਜਦੋਂ ਅਸੀਂ ਅਜਿਹੀਆਂ ਅਸਮਾਨਤਾਵਾਂ ਤੋਂ ਪਰੇ ਦੇਖਦੇ ਹਾਂ, ਤਾਂ ਅਸੀਂ ਦੇਖ ਸਕਦੇ ਹਾਂ ਕਿ ਅਸੀਂ ਅਜਿਹੇ ਹਾਲਾਤਾਂ ਵਿੱਚ ਰਹਿੰਦੇ ਹਾਂ ਜੋ ਪੁਰਾਣੇ ਨੇਮ ਦੇ ਲੇਖਕਾਂ ਅਤੇ ਉਹਨਾਂ ਦੇ ਸਰੋਤਿਆਂ ਜਿਹੇ ਹਾਲਾਤਾਂ ਦੇ ਸਮਾਨ ਹਨ।

ਪਵਿੱਤਰ ਵਚਨਾਂ ਦੀ ਇੱਕ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਨੂੰ ਪਿੱਛਲੀਆਂ ਘਟਨਾਵਾਂ ਅਤੇ ਮੌਜੂਦਾ ਘਟਨਾਵਾਂ ਦੇ ਸੰਬੰਧ ਵੱਲ ਸੰਕੇਤ ਕਰਦਾ ਹੈ। ਨਬੀਆਂ ਨੇ ਮਿਸਰ ਦੇ ਕੂਚ ਨੂੰ ਇਸਰਾਏਲ ਦੇ ਅਸੀਰੀ ਤੋਂ ਵਾਪਿਸ ਆਉਣ ਦੇ

ਨਾਲ ਜੋੜ ਕੇ ਵੇਖਿਆ। ਸ਼ੁਭਸਮਾਚਾਰਾਂ ਨੇ ਯਿਸੂ ਦੇ ਜੀਵਨ ਨੂੰ ਮਿਸਰ ਤੋਂ ਇਸਰਾਏਲ ਦੇ ਕੂਚ ਨਾਲ ਜੋੜ ਕੇ ਵਿਖਾਇਆ। ਪੌਲੁਸ ਰਸੂਲ ਨੇ ਇਸਰਾਏਲ ਦਾ ਵਾਇਦਾ ਕੀਤੀ ਹੋਈ ਭੂਮੀ ਦੇ ਵੱਲ ਜਾਣ ਨੂੰ ਵਿਸ਼ਵਾਸੀਆਂ ਦੇ ਨਵੇਂ ਆਕਾਸ਼ ਅਤੇ ਨਵੀਂ ਧਰਤੀ ਦੇ ਵੱਲ ਦੇ ਸੰਬੰਧ ਨੂੰ ਦਰਸਾਇਆ। ਯਿਸੂ ਨੇ ਉਸ ਸਮਾਨਤਾ ਦੇ ਵੱਲ ਧਿਆਨ ਦਿੱਤਾ ਜੋ ਮੂਸਾ ਦੇ ਉਜਾੜ ਵਿੱਚ ਸੱਪ ਨੂੰ ਉੱਚਾ ਚੁੱਕਣ ਅਤੇ ਉਸਦੇ ਸਲੀਬ ਦੇ ਚੜ੍ਹਨ ਦੇ ਵਿੱਚ ਸੀ। ਸੂਚੀ ਅੱਗੇ ਵੱਧਦੀ ਹੀ ਜਾਂਦੀ ਹੈ। ਧਰਮ ਸ਼ਾਸਤਰੀ ਅਕਸਰ ਇਹਨਾਂ ਸਮਾਨਤਾਵਾਂ ਨੂੰ "ਬਾਈਬਲ ਦੀਆਂ

ਕਿਸਮਾਂ" ਕਹਿੰਦੇ ਹਨ। ਬਾਈਬਲ ਦੀਆਂ ਕਿਸਮਾਂ ਇਸ ਤੱਥ 'ਤੇ ਅਧਾਰਤ ਹਨ ਕਿ ਬਾਅਦ ਦੇ ਹਾਲਾਤ ਪਹਿਲਾਂ ਦੇ ਹਾਲਾਤਾਂ ਦੇ ਸਮਾਨਾਂਤਰ ਹਨ। ਅਤੇ ਇਹ ਸਮਾਨਤਾਵਾਂ ਵੱਡੇ ਹਿੱਸੇ ਵਿੱਚ ਮੌਜੂਦ ਹਨ ਕਿਉਂਕਿ ਅਸੀਂ ਅਜੇ ਵੀ ਉਸੇ ਸੰਸਾਰ ਵਿੱਚ ਰਹਿੰਦੇ ਹਾਂ ਜਿਵੇਂ ਕਿ ਪੁਰਾਣੇ ਨੇਮ ਵਿੱਚ ਪਰਮੇਸ਼ੁਰ ਦੇ ਲੋਕ। ਉਹੀ ਪਰਮੇਸ਼ੁਰ ਅਤੇ ਉਹੀ ਸੰਸਾਰ ਹੋਣ ਤੋਂ ਇਲਾਵਾ, ਅਸੀਂ ਪੁਰਾਣੇ ਨੇਮ ਅਤੇ ਸਾਡੇ ਜ਼ਮਾਨੇ ਦੇ ਵਿਚਕਾਰ ਸਬੰਧ ਵੀ ਲੱਭ ਸਕਦੇ ਹਾਂ ਕਿਉਂਕਿ ਅਸੀਂ ਇੱਕੋ ਕਿਸਮ ਦੇ ਲੋਕਾਂ ਨਾਲ ਪੇਸ਼ ਆ ਰਹੇ ਹਾਂ।

## ਉਹੀ ਲੋਕ

ਆਧੁਨਿਕ ਮਨੁੱਖਾਂ ਅਤੇ ਅਤੇ ਪੁਰਾਣੇ ਨੇਮ ਦੇ ਪ੍ਰਾਚੀਨ ਮਨੁੱਖਾਂ ਵਿਚਾਲੇ ਬਹੁਤ ਸਾਰੀਆਂ ਅਲੱਗਤਾਈਆਂ ਹਨ। ਪਰ ਵਚਨ ਸਿਖਾਉਂਦਾ ਹੈ ਕਿ ਅਸੀਂ ਸਭ ਇੱਕ ਹੀ ਤਰ੍ਹਾਂ ਦੇ ਲੋਕ ਹਾਂ। ਅਸੀਂ ਮਹੱਤਵਪੂਰਨ ਨਿਰੰਤਰਤਾਵਾਂ ਦੁਆਰਾ ਜੁੜੇ ਹੋਏ ਹਾਂ ਜੋ ਸਾਡੇ ਅੰਤਰਾਂ ਨੂੰ ਦਰਸਾਉਂਦੀਆਂ ਹਨ ਅਤੇ ਇੱਥੋਂ ਤੱਕ ਕਿ ਇਹ ਸਾਨੂੰ ਸਮਿਆਂ ਅਤੇ ਸੱਭਿਆਚਾਰਆਂ ਵਿੱਚ ਵੀ ਸਾਨੂੰ ਇੱਕਜੁੱਟ ਕਰਦੀਆਂ ਹਨ,

***ਪਰਮੇਸ਼ੁਰ ਦਾ ਸਰੂਪ.*** ਘੱਟੋ ਘੱਟ ਅਜਿਹੇ ਤਿੰਨ ਤਰੀਕੇ ਹਨ ਜੋ ਦਰਸਾਉਂਦੇ ਹਨ ਕਿ ਪੁਰਾਣੇ ਨੇਮ ਦੇ ਲੋਕਾਂ ਜਿਹੇ ਹੀ ਲੋਕ ਹਾਂ। ਸਾਰੇ ਮਨੁੱਖਾਂ ਨੂੰ ਪਰਮੇਸ਼ੁਰ ਦੇ ਸਰੂਪ ਤੇ ਬਣਾਇਆ ਗਿਆ ਹੈ; ਅਸੀਂ ਸਭ ਪਾਪੀ ਹਾਂ ਅਤੇ ਸਾਰੇ ਲੋਕ ਪਰਮੇਸ਼ੁਰ ਦੇ ਨਾਲ ਨੇਮ ਦੇ ਵਿੱਚ ਹਨ। ਪਹਿਲੀ ਗੱਲ ਕਿ ਕੋਈ ਵਿਅਕਤੀ ਕਿਤੇ ਵੀ ਰਹਿੰਦੇ ਕੋਈ ਉਹ ਸਭ ਪਰਮੇਸ਼ੁਰ ਦੇ ਸਰੂਪ ਤੇ ਬਣਾਏ ਗਏ ਹਨ। ਅਸੀਂ ਉਤਪਤ 1:27 ਇੰਨਾਂ ਸ਼ਬਦਾਂ ਨੂੰ ਪੜਦੇ ਹਾਂ:

> ਸੋ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ। ਪਰਮੇਸ਼ੁਰ ਦੇ ਸਰੂਪ ਉੱਤੇ ਉਹ ਨੂੰ ਉਤਪਤ ਕੀਤਾ। ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ (ਉਤਪਤ 1:27)।

ਉਪਪਤੀ 9:6 ਵਿੱਚ ਅਸੀਂ ਵੇਖਦੇ ਹਾਂ ਕਿ ਪਾਪ ਦੁਆਰਾ ਮਨੁੱਖਤਾ ਦੇ ਭ੍ਰਿਸ਼ਟ ਹੋਣ ਦੇ ਬਾਵਜੂਦ ਵੀ, ਮਨੁੱਕ ਹੁਣ ਵੀ ਪਰਮੇਸ਼ੁਰ ਦੇ ਸਰੂਪ ਵਿੱਚ ਹੀ ਹਨ। ਇੱਥੇ ਅਸੀਂ ਪੜਦੇ ਹਾਂ:

> ਜੋ ਆਦਮੀ ਦਾ ਲਹੂ ਵਹਾਏਗਾ ਉਸ ਦਾ ਲਹੂ ਆਦਮੀ ਤੋਂ ਵਹਾਇਆ ਜਾਵੇਗਾ ਕਿਉਂਕਿ ਪਰਮੇਸ਼ੁਰ ਦੇ ਸਰੂਪ ਉੱਤੇ ਉਸ ਨੇ ਆਦਮੀ ਨੂੰ ਬਣਾਇਆ ਸੀ (ਉਪਪਤੀ 9:6)।

ਅਤੇ ਇਸ ਤੋਂ ਪਰੇ ਨਵਾਂ ਨੇਮ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਾਰੇ ਲੋਕ ਪਰਮੇਸ਼ੁਰ ਦੇ ਸਰੂਪ ਵਿੱਚ ਬਣੇ ਹੋਏ ਹਨ। ਯਾਕੂਬ 3:9 ਇਸ ਪ੍ਰਕਾਰ ਕਹਿੰਦਾ ਹੈ:

> ਇਸੇ ਜੀਭ ਦੇ ਨਾਲ ਅਸੀਂ ਪ੍ਰਭੂ ਪਿਤਾ ਨੂੰ ਧੰਨ ਕਹਿੰਦੇ ਹਾਂ ਅਤੇ ਇਸੇ ਦੇ ਨਾਲ ਅਸੀਂ ਲੋਕਾਂ ਨੂੰ ਸ਼ਰਾਪ ਦਿੰਦੇ ਹਾਂ ਜੋ ਪਰਮੇਸ਼ੁਰ ਦੇ ਸਰੂਪ ਵਿੱਚ ਬਣੇ ਹੋਏ ਹਨ (ਯਾਕੂਬ 3:9)।

ਜਿਵੇਂ ਪੌਲੁਸ 1 ਕੁਰਿੰਥੀਆਂ 11:7 ਵਿੱਚ ਕਹਿੰਦਾ ਹੈ:

> ਮਨੁੱਖ... ਪਰਮੇਸ਼ੁਰ ਦੀ ਮਹਿਮਾ ਅਤੇ ਸਰੂਪ ਹੈ (1 ਕੁਰਿੰਥੀਆਂ 11;7)

> **ਪਰਮੇਸ਼ੁਰ ਨੇ ਆਪਣੇ ਸਰੂਪ ਵਿੱਚ ਆਦਮੀ ਅਤੇ ਇਸਤਰੀ ਨੂੰ ਬਣਾਉਣ ਵਿੱਚ, ਅਸੀਂ ਦੇਖਦੇ ਹਾਂ ਕਿ ਇਹ ਉਹ ਚੀਜ਼ ਹੈ ਜੋ ਸਾਡੇ ਸਭਨਾਂ ਵਿੱਚ ਸਾਂਝੀ ਹੈ ... ਇਸ ਵਿੱਚ ਆਦਮ ਅਤੇ ਹਵਾ ਬੇਸ਼ੱਕ ਪਹਿਲੇ ਆਦਮੀ ਅਤੇ ਔਰਤ ਸਨ ਅਤੇ ਪੁਰਾਣੇ ਨੇਮ ਦੇ ਸਾਰੇ ਲੋਕ ਮੌਜੂਦ ਸਨ। ਅਤੇ ਇਸ ਲਈ ਇਹ ਦੂਰ ਨਹੀਂ ਹੋਇਆ ਹੈ, ਅਤੇ ਇਹ ਇੱਕ ਬੁਨਿਆਦੀ ... ਸਮਾਨਤਾ ਹੈ ਜੋ ਸਾਡੇ ਕੋਲ ਉਨ੍ਹਾਂ ਸਾਰੇ ਸੰਤਾਂ ਨਾਲ ਸਾਂਝੀ ਹੈ ਜੋ ਸਾਡੇ ਤੋਂ ਪਹਿਲਾਂ ਚਲੇ ਗਏ ਹਨ ਅਤੇ ਸਾਰੇ ਲੋਕ ਜੋ ਸਾਡੇ ਤੋਂ ਪਹਿਲਾਂ ਚਲੇ ਗਏ ਹਨ।**
>
> **— ਰੇਵ. ਤਿਮੋਥੀ ਮਾਉਂਟਫੋਰਟ**

ਇਤਿਹਾਸ ਦੇ ਦੌਰਾਨ ਪਰਮੇਸ਼ੁਰ ਦੇ ਰਾਜ ਦੇ ਉਦੇਸ਼ਾਂ ਨੂੰ ਸਮਝਣ ਲਈ ਪਰਮੇਸ਼ੁਰ ਦੇ ਚਿੱਤਰ ਵਜੋਂ ਸਾਡੀ ਭੂਮਿਕਾ ਨੂੰ ਸਮਝਣਾ ਮਹੱਤਵਪੂਰਨ ਹੈ। ਸਾਡੇ ਕੋਲ ਬਾਕੀ ਦੇ ਸਬਕ ਵਿੱਚ ਇਸ ਬਾਰੇ ਕਹਿਣ ਲਈ ਹੋਰ ਬਹੁਤ ਕੁਝ ਹੋਵੇਗਾ ਕਿ ਪਰਮੇਸ਼ੁਰ ਦੇ ਸਰੂਪ ਵਿੱਚ ਬਣਾਏ ਜਾਣ ਤੋਂ ਕੀ ਭਾਵ ਹੈ। ਪਰ, ਇਸ ਸਮੇਂ, ਇਹ ਕਹਿਣਾ ਕਾਫ਼ੀ ਹੋਵੇਗਾ ਕਿ ਬਹੁਤ ਸਾਰੇ ਸਾਂਝੇ ਗੁਣ ਮਨੁੱਖਾਂ ਦੀ ਵਿਸ਼ੇਸ਼ਤਾ ਰੱਖਦੇ ਹਨ। ਅਤੀਤ ਵਿੱਚ, ਕਲੀਸਿਆ ਨੇ ਖਾਸ ਤੌਰ 'ਤੇ ਇਸ ਤੱਥ 'ਤੇ ਧਿਆਨ ਕੇਂਦਰਿਤ ਕੀਤਾ ਹੈ ਕਿ ਮਨੁੱਖ ਤਰਕਸ਼ੀਲ ਹਨ, ਕਿ ਸਾਡੇ ਕੋਲ ਵਿਸ਼ੇਸ਼ ਭਾਸ਼ਾਈ ਯੋਗਤਾਵਾਂ ਹਨ, ਅਤੇ ਇਹ ਕਿ ਅਸੀਂ ਨੈਤਿਕ ਜਾਂ ਧਾਰਮਿਕ ਜੀਵ ਹਾਂ।

ਇਹ ਸਚਿਆਈ ਕਿ ਪੁਰਾਣਾ ਅਤੇ ਨਵਾਂ ਨੇਮ ਦੋਵੇਂ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਕਿ ਮਨੁੱਖਾਂ ਪਰਮੇਸ਼ੁਰ ਦੇ ਸਰੂਪ ਵਿੱਚ ਬਣਾਇਆ ਗਿਆ ਹੈ ਇਹ ਸਾਨੂੰ ਚੇਤਾਵਨੀ ਦਿੰਦੀ ਹੈ ਤਾਂ ਪੁਰਾਣੇ ਨੇਮ ਦੇ ਲੋਕਾਂ ਅਤੇ ਆਧੁਨਿਕ ਲੋਕਾਂ ਵਿੱਚਕਾਰ ਅੰਤਰਾਂ ਨੂੰ ਘੱਟ ਕਰਕੇ ਨਹੀਂ ਆਂਕਣਾ ਚਾਹੀਦਾ। ਬੇਸ਼ੱਕ ਅਸੀਂ ਬਹੁਤ ਸਾਰੀਆਂ ਗੱਲਾਂ ਦੇ ਵਿੱਚ ਅਲੱਗ ਹਾਂ ਪਰ ਸਤਹ ਤੋਂ ਹੇਠਾਂ ਅਸੀਂ ਜੋ ਅੱਜ ਜੀਵਿਤ ਹਾਂ ਪ੍ਰਾਚੀਨ ਲੋਕਾਂ ਨਾਲੋਂ ਜਿਆਦਾ ਅਲੱਗ ਨਹੀਂ ਹਾਂ। ਹਾਲਾਂਕਿ ਅਸੀਂ ਬਿਲਕੁਲ ਉਨ੍ਹਾਂ ਵਰਗੇ ਨਹੀਂ ਹਾਂ, ਅਸੀਂ ਇਹ ਮੰਨ ਸਕਦੇ ਹਾਂ ਕਿ ਤਰਕਸ਼ੀਲ, ਭਾਸ਼ਾਈ ਅਤੇ ਨੈਤਿਕ ਗੁਣ ਜੋ ਉਨ੍ਹਾਂ ਦੇ ਜੀਵਨ ਨੂੰ

ਦਰਸਾਉਂਦੇ ਹਨ ਉਹ ਸਾਡੀ ਵਿਸ਼ੇਸ਼ਤਾ ਵੀ ਹਨ। ਉਨ੍ਹਾਂ ਨੇ ਬਹੁਤ ਸੋਚਿਆ ਜਿਵੇਂ ਅਸੀਂ ਸੋਚਦੇ ਹਾਂ. ਉਹ ਭਾਸ਼ਾ ਨੂੰ ਉਵੇਂ ਹੀ ਸਮਝਦੇ ਸਨ ਜਿਵੇਂ ਅਸੀਂ ਇਸਨੂੰ ਸਮਝਦੇ ਹਾਂ। ਉਨ੍ਹਾਂ ਦੇ ਵੀ ਸਾਡੀ ਹੀ ਤਰ੍ਹਾਂ ਨੈਤਿਕਤਾ ਅਤੇ ਵਿਸ਼ਵਾਸ ਦੇ ਬਾਰੇ ਪ੍ਰਸ਼ਨ ਸਨ। ਅਤੇ ਇੰਨਾਂ ਕਾਰਨਾਂ ਦੇ ਕਰਕੇ ਅਤੇ ਇਹ ਆਤਮ ਵਿਸ਼ਵਾਸ ਰੱਖ ਸਕਦੇ ਹਾਂ ਕਿ ਅਸੀਂ ਪੁਰਾਣੇ ਨੇਮ ਨੂੰ ਆਪਣੇ ਜੀਵਨਾਂ ਵਿੱਚ ਲਾਗੂ ਕਰ ਸਕਦੇ ਹਾਂ। ਜਿੰਨ੍ਹਾਂ ਲੋਕਾਂ ਨੇ ਇਸਨੂੰ ਪਹਿਲਾਂ ਲਿਖਿਆ ਅਤੇ ਪ੍ਰਾਪਤ ਕੀਤਾ ਉਹ ਸਾਡੀ ਤਰ੍ਹਾਂ ਪਰਮੇਸ਼ੁਰ ਦੇ ਸਰੂਪ ਵਿੱਚ ਬਣਾਏ ਹੋਏ ਸਨ।

***ਪਾਪਮਈ.*** ਦੂਸਰੇ ਸਥਾਨ ਦੇ ਵਿੱਚ ਅਸੀਂ ਪੁਰਾਣੇ ਨੇਮ ਦੇ ਲੋਕਾਂ ਜਿਹੇ ਹੀ ਲੋਕ ਹਾਂ ਕਿਉਂਕਿ ਸਾਰੇ ਲੋਕ ਪਾਪੀ ਹਨ। ਰੋਮੀਆਂ 3:12 ਦੇ ਵਚਨਾਂ ਦੇ ਧਿਆਨ ਦਿਓ ਜਿੱਥੇ ਪੌਲੁਸ ਦੇ ਜ਼ਬੂਰਾਂ ਦਾ ਹਵਾਲਾ ਦਿੰਦੇ ਹੋਏ ਲੋਕਾਂ ਦੀ ਪਾਪਮਈ ਸਥਿਤੀ ਨੂੰ ਦਰਸਾਇਆ। ਉਸਨੇ ਲਿਖਿਆ:

> ਉਹ ਸਭ ਕੁਰਾਹੇ ਪੈ ਗਏ, ਉਹ ਸਭ ਨਿਕੰਮੇ ਹੋਏ ਹਨ, ਕੋਈ ਭਲਾ ਕਰਨ ਵਾਲਾ ਨਹੀਂ, ਇੱਕ ਵੀ ਨਹੀਂ (ਰੋਮੀਆਂ 3:12)।

ਰਸੂਲ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਕਿ ਸਾਰੇ ਲੋਕਾਂ ਨੇ ਪਾਪ ਕੀਤਾ ਹੈ। ਅਤੇ ਇਹ ਸਿਰਫ਼ ਨਵੇਂ ਨੇਮ ਦੀ ਹੀ ਸਿੱਖਿਆ ਨਹੀਂ ਹੈ। 1 ਰਾਜਿਆਂ 8:46 ਵਿੱਚ ਸੁਲੇਮਾਨ ਨੇ ਲੱਗਭਗ ਇਸੇ ਹੀ ਤਰ੍ਹਾਂ ਦੀ ਗੱਲ ਕਹੀ ਜਦੋਂ ਉਸਨੇ ਕਿਹਾ:

> ਅਜਿਹਾ ਕੋਈ ਨਹੀਂ ਹੈ ਜੋ ਪਾਪ ਨਹੀਂ ਕਰਦਾ (1 ਰਾਜਿਆਂ 8:46)

> **ਧਰਮ ਸ਼ਾਸ਼ਤਰੀ ਸਿੱਖਿਆ ਦੇ ਵਿੱਚ ਇੱਕ ਉਪਦੇਸ਼ ਹੈ ਜੋ "ਸੰਪੂਰਨ ਬੁਰਿਆਈ" ਅਤੇ ਇਸਦਾ ਅਰਥ ਹੈ ਕਿ ਮਨੁੱਖ ਦਾ ਸਾਰਾ ਵਿਅਕਤੀਤਵ, ਸਾਰੀ ਸੋਚ, ਭਾਵਨਾਵਾਂ ਅਤੇ ਵਿਵਹਾਰ ਪੂਰੀ ਤਰ੍ਹਾਂ ਪਾਪ ਦੇ ਨਾਲ ਭਰੀ ਹੋਈ ਹੈ ਅਤੇ ਇਸ ਲਈ ਮਨੁੱਖ ਜੋ ਵੀ ਕਰਦਾ ਹੈ ਉਹ ਪਰਮੇਸ਼ੁਰ ਦੇ ਹੁਕਮਾਂ ਅਤੇ ਪਵਿੱਤਰ ਮਿਆਰ ਤੋਂ ਦੂਰ ਹੀ ਹੁੰਦਾ ਹੈ। ਇਸ ਲਈ, ਹਾਂ, ਪਾਪ ਵਾਲਾ ਸੁਭਾਅ ਜਿਹੀ ਚੀਜ਼ ਮੌਜੂਦ ਹੈ।**
>
> **— ਡਾ. ਲੂਇਸ ਔਰਟੇਜਾ**

ਕਿਉਂਕਿ ਅਸੀਂ ਪਾਪੀ ਹਾਂ, ਪਰਮੇਸ਼ੁਰ ਦੇ ਸਰੂਪ ਤੋਂ ਡਿੱਗੇ ਹੋਏ ਹਾਂ, ਇਸ ਲਈ ਇਹ ਸਮਝਣਾ ਔਖਾ ਨਹੀਂ ਹੈ ਕਿ ਪੁਰਾਣੇ ਨੇਮ ਦੇ ਲੇਖਕਾਂ ਨੇ ਪਾਪ ਬਾਰੇ ਇੰਨਾਂ ਜਿਆਦਾ ਕਿਉਂ ਲਿਖਿਆ। ਅਸੀਂ ਪੁਰਾਣੇ ਨੇਮ ਦੇ ਨਾਲ ਇਸ ਸਤਰ ਵਿੱਚ ਜੁੜਦੇ ਹਾਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਅਸੀਂ ਪਾਪੀ ਹਾਂ – ਜਿਵੇਂ ਪੁਰਾਣੇ ਨੂੰ ਪ੍ਰਾਪਤ ਕਰਨ ਵਾਲੇ ਮੂਲ ਲੋਕ ਅਤੇ ਬਾਕੀ ਸਭ ਹਨ। ਅਸੀਂ ਇਹ ਵੀ ਸਮਝਦੇ ਹਾਂ ਕਿ ਪੁਰਾਣਾ ਨੇਮ ਪਾਪ ਤੋਂ ਛੁਟਕਾਰੇ ਤੇ ਬਹੁਤ ਜਿਆਦਾ ਜ਼ੋਰ ਕਿਉਂ ਦਿੰਦਾ ਹੈ। ਮਨੁੱਖਤਾ ਦੇ ਪਾਪ ਵਿੱਚ ਡਿੱਗਣ ਦੇ ਸਮੇਂ ਤੋਂ ਲੈ ਕੇ, ਸਾਰੇ ਮਨੁੱਖ ਛੁਟਕਾਰੇ ਦੀ ਜਰੂਰਤ ਵਿੱਚ ਹਨ। ਇਹ ਸਚਿਆਈ ਵੀ

ਸਾਨੂੰ ਪੁਰਾਣੇ ਨੇਮ ਦੇ ਪ੍ਰਾਚੀਨ ਸੰਸਾਰ ਨਾਲ ਜੋੜਦੀ ਹੈ।

***ਨੇਮ.*** ਤੀਸਰੇ ਸਥਾਨ ਤੇ ਅਸੀਂ ਪੁਰਾਣੇ ਨੇਮ ਦੇ ਲੋਕਾਂ ਜਿਹੇ ਲੋਕ ਹੀ ਹਾਂ, ਕਿਉਂਕਿ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਦੇ ਸਮੇਂ ਵਿੱਚ ਸਭ ਲੋਕ ਪਰਮੇਸ਼ੁਰ ਦੇ ਨੇਮ ਨਾਲ ਬੱਝੇ ਹੋਏ ਹਨ।

ਪੁਰਾਣਾ ਅਤੇ ਨਵਾਂ ਨੇਮ ਲਗਾਤਾਰ ਦੱਸਦਾ ਹੈ ਕਿ ਸਭ ਲੋਕ ਪਰਮੇਸ਼ੁਰ ਦੇ ਨੇਮ ਨਾਲ ਬੱਝੇ ਹੋਏ ਹਨ। ਜਿਵੇਂ ਅਸੀਂ ਬਾਅਦ ਵਿੱਚ ਇਸ ਸਬਕ ਵਿੱਚ ਵੇਖਾਂਗੇ, ਕਿ ਪਰਮੇਸ਼ੁਰ ਦੁਆਰਾ ਆਦਮ ਅਤੇ ਨੂਹ ਨਾਲ ਕੀਤੇ ਨੇਮਾਂ ਨੂੰ “ਵਿਸ਼ਵਵਿਆਪੀ” ਨੇਮ ਕਿਹਾ ਗਿਆ ਹੈ ਕਿਉਂਕਿ ਉਹ ਸਾਰੇ ਮਨੁੱਖਾਂ ਦੇ ਨਾਲ ਕੀਤੇ ਗਏ ਹਨ। ਇਹ ਨੇਮ ਸਾਰੇ ਲੋਕਾਂ ਨੂੰ ਆਪਣੇ ਦਿਆਲੂ ਅਤੇ ਕ੍ਰਿਪਾਲੂ ਰਾਜੇ ਵਜੋਂ ਪਰਮੇਸ਼ੁਰ ਦੀ ਜ਼ਿੰਮੇਵਾਰੀ ਵਿੱਚ ਲਿਆਉਂਦਾ ਹੈ। ਪੁਰਾਣੇ ਨੇਮ ਦਾ ਬਾਕੀ ਹਿੱਸਾ ਮੁੱਖ ਤੌਰ 'ਤੇ ਖਾਸ ਨੇਮਾਂ 'ਤੇ ਕੇਂਦ੍ਰਤ ਕਰਦਾ ਹੈ ਜੋ ਪਰਮੇਸ਼ੁਰ ਨੇ ਇਸਰਾਏਲ ਕੌਮ ਨਾਲ ਕੀਤੇ ਸਨ, ਜਿਨ੍ਹਾਂ ਨੂੰ ਅਕਸਰ "ਰਾਸ਼ਟਰੀ" ਨੇਮ ਕਿਹਾ ਜਾਂਦਾ ਹੈ। ਇਸਰਾਏਲ ਦੇ ਲੋਕ ਅਬਰਾਹਾਮ, ਮੂਸਾ ਅਤੇ ਦਾਊਦ ਦੇ ਨਾਲ ਉਸਦੇ ਨੇਮ ਦੁਆਰਾ, ਅਤੇ ਬਾਅਦ ਵਿੱਚ, ਇਸਰਾਏਲ ਦੇ ਨਬੀਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਨਵੇਂ ਨੇਮ ਦੁਆਰਾ ਪਰਮੇਸ਼ੁਰ ਨਾਲ ਬੰਨ੍ਹੇ ਹੋਏ ਸਨ। ਅਤੇ ਅਸੀਂ ਸਾਰੇ ਅੱਜ ਉਸੇ ਸਥਿਤੀ ਵਿੱਚ ਹਾਂ. ਹਰ ਵਿਅਕਤੀ ਆਦਮ ਅਤੇ ਨੂਹ ਨਾਲ ਆਪਣੇ ਨੇਮ ਦੁਆਰਾ ਪਰਮੇਸ਼ੁਰ ਨਾਲ ਬੰਨ੍ਹਿਆ ਹੋਇਆ ਹੈ। ਅਤੇ ਅੱਜ ਦੀ ਕਲੀਸਿਆ ਪਰਮੇਸ਼ੁਰ ਦੇ ਖਾਸ ਨੇਮਾਂ ਦੁਆਰਾ ਬੱਝੀ ਹੋਈ ਹੈ ਜੋ ਉਸਨੇ ਇਸਰਾਏਲ ਦੀ ਕੌਮ ਦੇ ਨਾਲ ਅਤੇ ਮਸੀਹ ਦੇ ਵਿੱਚ ਨਵੇਂ ਨੇਮ ਦੇ ਵੱਜੋਂ ਕੀਤੇ। ਤੁਹਾਨੂੰ ਯਾਦ ਹੋਵੇਗਾ ਕਿ ਕੂਚ 19:6 ਦੇ ਵਿੱਚ ਪਰਮੇਸ਼ੁਰ ਨੇ ਸੀਨਈ ਪਹਾੜ ਤੋਂ ਇਸਰਾਏਲ ਦੇ ਨਾਲ ਆਪਣੇ ਖਾਸ ਨੇਮ ਸੰਬੰਧ ਦੇ ਬਾਰੇ ਇਸ ਪ੍ਰਕਾਰ ਗੱਲ ਕੀਤੀ:

> ਅਤੇ ਤੁਸੀਂ ਮੇਰੇ ਲਈ ਜਾਜਕਾਂ ਦੀ ਬਾਦਸ਼ਾਹੀ ਅਤੇ ਪਵਿੱਤ੍ਰ ਕੌਮ ਹੋਵੋਗੇ (ਕੂਚ 19:6)।

1 ਪਤਰਸ 2:9 ਦੇ ਵਿੱਚ ਪਤਰਸ ਨੇ ਇਸ ਵਚਨ ਦਾ ਹਵਾਲਾ ਦਿੱਤਾ, ਪਰ ਉਸਨੇ ਇਸਨੂੰ ਨਵੇਂ ਨੇਮ ਦੀ ਕਲੀਸਿਆ ਦੇ ਵਿੱਚ ਲਾਗੂ ਕੀਤਾ। ਜਿਵੇਂ ਉਹ ਲਿਖਦਾ ਹੈ:

> ਪਰ ਤੁਸੀਂ ਚੁਣਿਆ ਹੋਇਆ ਵੰਸ, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ (1 ਪਤਰਸ 2:9)।

ਇੱਥੇ ਪਤਰਸ ਨੇ ਪੁਰਾਣੇ ਨੇਮ ਵਿੱਚ ਪਰਮੇਸ਼ੁਰ ਦੁਆਰਾ ਉਸਦੇ ਲੋਕਾਂ ਦੇ ਨਾਲ ਬੰਨ੍ਹੇ ਨੇਮ ਨੂੰ ਮਸੀਹੀ ਕਲੀਸਿਆ ਤੇ ਲਾਗੂ ਕੀਤੇ। ਉਸਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਮਸੀਹ ਦੇ ਪੈਰੋਕਾਰ ਹੁਣ ਮਸੀਹ ਦੇ ਵਿੱਚ ਨਵੇਂ ਨੇਮ ਦੇ ਨਾਲ ਜੁੜ ਗਏ ਹਨ। ਇਹ ਇੱਕ ਅਜਿਹਾ ਮਜਬੂਤ ਸੰਬੰਧ ਹੈ ਜੋ ਪੂਰੇ ਇਤਿਹਾਸ ਵਿੱਚ ਵੇਖਿਆ ਜਾ ਸਕਦਾ ਹੈ।

ਹੁਣ ਅਸੀਂ ਉਨ੍ਹਾਂ ਚੁਣੌਤੀਆਂ ਦੀ ਪੜਚੋਲ ਕਰ ਲਈ ਹੈ ਜੋ ਪੁਰਾਣੇ ਨੇਮ ਦਾ ਲਾਗੂਕਰਨ ਕਰਨ ਦੇ ਲਈ ਜਰੂਰੀ ਹਨ ਅਤੇ ਅਸੀਂ ਪੁਰਾਣੇ ਨੇਮ ਸੰਬੰਧਾਂ ਨੂੰ ਵੀ ਵੇਖਿਆ ਹੈ, ਹੁਣ ਸਾਨੂੰ ਆਪਣਾ ਧਿਆਨ ਪੁਰਾਣੇ ਨੇਮ ਦੇ ਘਟਨਾਕ੍ਰਮ ਦੇ ਉਸ ਵਿਕਾਸ ਵੱਲ ਲਗਾਉਣਾ ਚਾਹੀਦਾ ਹੈ ਜਿੰਨ੍ਹਾਂ ਨੂੰ ਅਸੀਂ ਆਪਣੇ ਆਧੁਨਿਕ ਸਮੇਂ ਵਿੱਚ ਲਾਗੂ ਕਰਨਾ ਚਾਹੁੰਦੇ ਹਾਂ।

## ਘਟਨਾਕ੍ਰਮ ਦਾ ਵਿਕਾਸ

ਜਿਵੇਂ ਅਸੀਂ ਪਹਿਲਾਂ ਵੇਖਿਆ ਹੈ ਕਿ ਸਾਡੇ ਜੀਵਨਾਂ ਵਿੱਚ ਪੁਰਾਣੇ ਨੇਮ ਦਾ ਲਾਗੂਕਰਨ ਉਨ੍ਹਾਂ ਬਹੁਤ ਸਾਰੇ ਇਤਿਹਾਸਿਕ ਘਟਨਾਕ੍ਰਮ ਤੇ ਆਧਾਰਿਤ ਹੈ ਜੋ ਬਾਈਬਲ ਦੇ ਵਿਸ਼ਵਾਸ ਨਵੇਂ ਅਤੇ ਪੁਰਾਣੇ ਨੇਮ ਵਿੱਚ ਹੋਏ। ਪੁਰਾਣਾ ਨੇਮ, ਨਵਾਂ ਨੇਮ ਅਤੇ ਸਾਡਾ ਮਸੀਹੀ ਵਿਸ਼ਵਾਸ ਅੱਜ ਇੱਕ ਹੀ ਧਰਮ ਅਤੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਪਰ ਫਿਰ ਵੀ ਸਾਨੂੰ ਅਲੱਗ-ਅਲੱਗ ਇਤਿਹਾਸਿਕ ਘਟਨਾਵਾਂ ਵੱਲ ਧਿਆਨ ਦੇਣਾ ਚਾਹੀਦਾ।

ਘਟਨਾਵਾਂ ਦੇ ਕ੍ਰਮ ਦੇ ਵਿਕਾਸ ਨੂੰ ਦਰਸਾਉਣ ਦੇ ਬਹੁਤ ਸਾਰੇ ਤਰੀਕੇ ਹਨ, ਪਰ ਅਸੀਂ ਤਿੰਨ ਮੁੱਖ ਕਿਸਮਾਂ ਨੂੰ ਵੇਖਾਂਗੇ: ਯੁੱਗਾਂ ਦਾ ਵਿਕਾਸ, ਸੱਭਿਆਚਾਰਕ ਵਿਕਾਸ ਅਤੇ ਨਿੱਜੀ ਵਿਕਾਸ। ਪਹਿਲੇ ਸਥਾਨ ਦੇ ਵਿੱਚ ਪਰਮੇਸ਼ੁਰ ਨੇ ਆਪਣੇ ਲੋਕਾਂ ਉੱਤੇ ਆਪਣੇ ਆਪ ਨੂੰ ਅਤੇ ਆਪਣੀ ਇੱਛਾ ਨੂੰ ਯੁੱਗਾਂ ਜਾਂ ਸਮਿਆਂ ਵਿੱਚ ਪ੍ਰਗਟ ਕੀਤਾ।

### ਯੁੱਗਾਂ ਤੇ ਆਧਾਰਿਤ

ਬਾਈਬਲ ਦਾ ਇਤਿਹਾਸ ਇਸ ਗੱਲ ਦਾ ਲੰਬਾ ਬਿਰਤਾਂਤ ਹੈ ਕਿ ਕਿਸ ਤਰ੍ਹਾਂ ਪਰਮੇਸ਼ੁਰ ਨੇ ਆਪਣੇ ਲੋਕਾਂ ਤੇ ਆਪਣੇ ਆਪ ਨੂੰ ਹੌਲੀ-ਹੌਲੀ ਪ੍ਰਗਟ ਕੀਤਾ ਜਿਵੇਂ-ਜਿਵੇਂ ਇਤਿਹਾਸ ਮਸੀਹ ਵਿੱਚ ਆਪਣੇ ਈਸ਼ਵਰ ਵੱਲੋਂ-ਨਿਯੁਕਤ ਯੋਜਨਾ ਦੇ ਅੰਤ ਵੱਲ ਵਧਿਆ। ਇਸ ਇਤਿਹਾਸ ਦੀ ਪੜਚੋਲ ਦੇ ਕਈ ਸਾਰੇ ਤਰੀਕੇ ਹਨ, ਪਰ ਇਸਦਾ ਇੱਕ ਬਹੁਤ ਉਪਯੋਗੀ ਤਰੀਕਾ ਇਸਨੂੰ ਯੁੱਗਾਂ ਜਾਂ ਸਮਿਆਂ ਵਿੱਚ ਵੰਡਣਾ ਹੈ ਜੋ ਪਰਮੇਸ਼ੁਰ ਦੁਆਰਾ ਉਸਦੇ ਲੋਕਾਂ ਨਾਲ ਕੀਤੇ ਨੇਮ ਨੂੰ ਦਰਸਾਉਂਦਾ ਹੈ। ਇੰਨ੍ਹਾਂ ਸਭਨਾਂ ਸਮਿਆਂ ਦੇ ਵਿੱਚ ਪਰਮੇਸ਼ੁਰ ਆਪਣੇ ਆਪ ਨੂੰ ਹੋਰ ਜਿਆਦਾ ਪ੍ਰਗਟ ਗਿਆ। ਸਾਧਾਰਣ ਰੂਪ ਵਿੱਚ ਦੱਸੀਏ ਤਾਂ ਪਰਮੇਸ਼ੁਰ ਨੇ ਆਦਮ ਤੋਂ ਵੱਧ ਪ੍ਰਗਟੀਕਰਨ ਨੂਹ ਤੇ ਕੀਤਾ। ਉਸਨੇ ਨੂਹ ਨਾਲੋਂ ਵਧੇਰੇ ਪ੍ਰਗਟੀਕਰਨ ਅਬਰਾਹਾਮ ਤੇ ਕੀਤਾ। ਮੂਸਾ ਨੇ ਅਬਰਾਹਾਮ ਨਾਲੋਂ ਵਧੇਰੇ ਪ੍ਰਕਾਸ਼ ਹਾਸਿਲ ਕੀਤਾ। ਪਰਮੇਸ਼ੁਰ ਨੇ ਦਾਊਦ ਨੂੰ ਮੂਸਾ ਨਾਲੋਂ ਵਧੀਕ ਪ੍ਰਕਾਸ਼ ਦਿੱਤਾ। ਅਤੇ ਨਵੇਂ ਨੇਮ ਦੇ ਵਿੱਚ ਪਰਮੇਸ਼ੁਰ ਨੇ ਸਾਰੇ ਸਮਿਆਂ ਨੂੰ ਵਧੇਰੇ ਪ੍ਰਗਟੀਕਰਨ ਕੀਤਾ। ਇਬਰਾਨੀਆਂ ਦੇ ਲੇਖਕ ਨੇ ਇਸ ਬਿੰਦੂ ਤੇ ਜ਼ੋਰ ਦਿੱਤਾ ਜਦੋਂ ਉਸਨੇ 1:1-2 ਵਿੱਚ ਲਿਖਿਆ:

> ਪਰਮੇਸ਼ੁਰ ਨੇ ਜਿਨ ਪਿਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ 2ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ (ਇਬਰਾਨੀਆਂ 1:1-2)।

ਬਾਈਬਲ ਦੇ ਲੇਖਕਾਂ ਦੀ ਤਰ੍ਹਾਂ, ਮਸੀਹੀਆਂ ਨੇ ਬਾਈਬਲ ਦੇ ਇਤਿਹਾਸ ਨੂੰ ਅਲੱਗ-ਅਲੱਗ ਸਮਿਆਂ ਅਤੇ ਯੁੱਗਾਂ ਦੇ ਵਿੱਚ ਵੰਡਿਆ ਹੈ। ਪਰ ਜਿਆਦਾਤਰ ਮਸੀਹੀ ਮੰਨਦੇ ਹਨ ਕਿ ਬਾਈਬਲ ਦੇ ਇਤਿਹਾਸ ਦੇ ਸਮਿਆਂ ਦੀਆਂ ਦੋ ਮੁੱਖ ਵੰਡਾਂ ਪੁਰਾਣਾ ਨੇਮ ਅਤੇ ਨਵਾਂ ਨੇਮ ਹਨ। ਅੱਜ ਪਰਮੇਸ਼ੁਰ ਦੇ ਵਚਨ ਦਾ ਲਾਗੂਕਰਨ ਕਰਨ ਦੇ ਲਈ ਇਹ ਸਮਿਆਂ ਦੀ ਵੰਡ ਬਹੁਤ ਜਰੂਰੀ ਹੈ। ਅਤੇ ਅਤੇ ਹਜ਼ਾਰਾਂ ਸਾਲਾਂ ਤੋਂ ਮਸੀਹੀ ਇਹ ਪ੍ਰਸ਼ਨ ਪੁੱਛਦੇ ਰਹੇ ਹਨ, "ਪੁਰਾਣੇ ਨੇਮ ਦੀਆਂ ਸਿੱਖਿਆਵਾਂ

ਦਾ ਲਾਗੂਕਰਨ ਨਵੇਂ ਨੇਮ ਦੇ ਯੁੱਗ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ?"

ਵਫ਼ਾਦਾਰ ਮਸੀਹੀ ਸਹੀ ਤੌਰ ਤੇ ਮੰਨਦੇ ਹਨ ਕਿ ਪੁਰਾਣਾ ਨੇਮ ਸਾਡੇ ਲਾਗੂ ਹੁੰਦਾ ਹੈ, ਪਰ ਉਨ੍ਹਾਂ ਦੇ ਕੋਲ ਇਸਦੇ ਸੰਦੇਸ਼ ਦਾ ਲਾਗੂਕਰਨ ਕਰਨ ਦੇ ਲਈ ਅਲੱਗ-ਅਲੱਗ ਤਰੀਕੇ ਹਨ। ਇੱਕ ਪਾਸੇ ਕੁਝ ਅਜਿਹੀ ਵਿਚਾਰਧਾਰਾ ਰੱਖਦੇ ਹਨ ਜੋ ਬਾਈਬਲ ਦੇ ਇਤਿਹਾਸ ਇੱਕ ਖੰਡਿਤ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰਦੇ ਹਨ। ਇਹ ਮਸੀਹੀ ਲੋਕ ਖਾਸ ਤੌਰ ਤੇ ਪੁਰਾਣੇ ਅਤੇ ਨੇਮ ਦੇ ਯੁੱਗਾਂ ਵਿੱਚਲੇ ਅੰਤਰ ਤੇ ਜ਼ੋਰ ਦਿੰਦੇ ਹਨ। ਉਹ ਅਜਿਹਾ ਮੰਨਦੇ ਕਿ ਆਧੁਨਿਕ ਵਿਸ਼ਵਾਸੀਆਂ ਨੂੰ ਪੁਰਾਣੇ ਨੇਮ ਦੀਆਂ ਸਿਰਫ਼ ਉਨ੍ਹਾਂ ਗੱਲਾਂ ਨੂੰ ਲਾਗੂ ਕਰਨਾ ਚਾਹੀਦਾ ਹੈ ਜਿੰਨ੍ਹਾਂ ਦੀ ਪੁਸ਼ਟੀ ਨਵੇਂ ਨੇਮ ਵਿੱਚ ਕੀਤੀ ਗਈ ਹੈ। ਇਸ ਤੋਂ ਇਲਾਵਾ ਪੁਰਾਣਾ ਨੇਮ ਮਸੀਹ ਦੇ ਪੈਰੋਕਾਰਾਂ ਤੇ ਲਾਗੂ ਨਹੀਂ ਹੁੰਦਾ ਹੈ।

ਵਿਚਾਰਧਾਰਾ ਦੇ ਦੂਜੇ ਸਿਰੇ 'ਤੇ ਕਈ ਅਤਿਅੰਤ ਸਥਿਤੀਆਂ ਹਨ ਜੋ ਬਾਈਬਲ ਦੇ ਵਿਸ਼ਵਾਸ ਦੇ ਸਮਤਲ ਨਜ਼ਰੀਏ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਮਸੀਹੀ ਪੁਰਾਣੇ ਅਤੇ ਨਵੇਂ ਨੇਮ ਦੇ ਸਮਿਆਂ ਦੀ ਨਿਰੰਤਰਤਾ 'ਤੇ ਜ਼ੋਰ ਦਿੰਦੇ ਹਨ। ਇਸ ਦ੍ਰਿਸ਼ਟੀਕੋਣ ਵਿੱਚ, ਜਦੋਂ ਤੱਕ ਨਵਾਂ ਨੇਮ ਸਪੱਸ਼ਟ ਤੌਰ 'ਤੇ ਪੁਰਾਣੇ ਨੇਮ ਦੀ ਸਿੱਖਿਆ ਨੂੰ ਰੱਦ ਜਾਂ ਸੰਸ਼ੋਧਿਤ ਨਹੀਂ ਕਰਦਾ, ਉਦੋਂ ਤੱਕ ਮਸੀਹੀ ਇਸ ਦੀ ਪਾਲਣਾ ਕਰਨ ਲਈ ਜ਼ਿੰਮੇਵਾਰ ਹਨ ਜਿਵੇਂ ਮਸੀਹ ਤੋਂ ਪਹਿਲਾਂ ਰਹਿਣ ਲੋਕ ਕਰਦੇ ਸਨ।

ਇਸ ਸਬਕ ਵਿੱਚ ਅਸੀਂ ਇੰਨਾਂ ਦੋਵਾਂ ਅਤਿਅੰਤ ਦ੍ਰਿਸ਼ਟੀਕੋਣਾਂ ਨੂੰ ਰੱਦ ਕਰਦੇ ਹੋਏ ਬਾਈਬਲ ਦੀ "ਵਿਕਿਸਿਤ ਹੋਣ ਵਾਲੀ ਵਿਚਾਰਧਾਰਾ" ਤੇ ਧਿਆਨ ਕੇਂਦਰਿਤ ਕਰਾਂਗੇ। ਇਸ ਵਿਚਾਰਧਾਰਾ ਦੇ ਅਨੁਸਾਰ ਸਾਰੇ ਪੁਰਾਣੇ ਨੇਮ ਨੂੰ ਮਸੀਹੀਆਂ ਤੇ ਲਾਗੂ ਕੀਤਾ ਜਾਂਦਾ ਹੈ। ਪਰ ਸਾਨੂੰ ਇਸ ਗੱਲ ਨੂੰ ਮੰਨਣਾ ਪੈਂਦਾ ਹੈ ਕਿ ਪੁਰਾਣੇ ਨੇਮ ਦਾ ਹਰੇਕ ਭਾਗ ਮਸੀਹ ਦੁਆਰਾ ਕੀਤੇ ਕੰਮ ਦੇ ਕਾਰਨ ਵਿਕਸਿਤ ਹੋਇਆ ਹੈ। ਪੁਰਾਣੇ ਨੇਮ ਦੀ ਸਾਰੀ ਸਿੱਖਿਆ ਮਸੀਹੀਆਂ ਤੇ ਲਾਗੂ ਹੁੰਦੀ ਹੈ ਪਰ ਅਜਿਹਾ ਨਵੇਂ ਨੇਮ ਦੇ ਪ੍ਰਕਾਸ਼ ਵਿੱਚ ਕਰਨਾ ਚਾਹੀਦਾ ਹੈ।

> **ਪੁਰਾਣੇ ਅਤੇ ਨੇਮ ਦੇ ਵਿੱਚਕਾਰ ਦਾ ਸੰਬੰਧ ਬਹੁਤ ਵੱਡੀ ਬਹਿਸ ਦਾ ਵਿਸ਼ਾ ਹੈ। ਅਤੇ ਅੱਜ ਵੀ ਇਹ ਪ੍ਰਸ਼ਨ ਇੱਕ ਚਰਚਾ ਦਾ ਵਿਸ਼ਾ ਹੈ। ਅਤੇ ਇਸ ਵਿਕਾਸ ਨੂੰ ਵੇਖਣ ਦਾ ਇੱਕ ਤਰੀਕਾ ਉਹ ਹੈ ਜਿਸਨੂੰ ਅਸੀਂ "ਵਿਕਾਸਸ਼ੀਲ ਪ੍ਰਕਾਸ਼" ਕਹਿੰਦੇ ਹਾਂ- ਇਸ ਲਈ ਪਰਮੇਸ਼ੁਰ ਨੇ ਸਭ ਕੁਝ ਦਾ ਪ੍ਰਗਟੀਕਰਨ ਸ਼ੁਰੂਆਤ ਦੇ ਵਿੱਚ ਨਹੀਂ ਨਹੀਂ ਕੀਤਾ – ਇਹ ਧਰਮ ਸਿੱਖਿਆ ਵਿਕਸਿਤ ਹੋਈ ਹੈ, ਜਿਸ ਤੋਂ ਪੁਰਾਣੇ ਨੇਮ ਦੀ ਸਿੱਖਿਆ ਦਾ ਨਵੇਂ ਨੇਮ ਦੀ ਸਿੱਖਿਆ ਦੇ ਨਾਲ ਸੰਬੰਧ ਦਾ ਪਤਾ ਲੱਗਦਾ ਹੈ, ਇਹ ਅਸਲ ਵਿੱਚ ਸ਼ੁਰੂਆਤ ਦੇ ਵਿੱਚ ਇੱਕ ਅਸੰਪੂਰਨ ਪ੍ਰਕਾਸ਼ ਦੇ ਪ੍ਰਸ਼ਨ ਦਾ ਮੁੱਦਾ ਹੈ ਅਤੇ ਫਿਰ ਨਵੇਂ ਨੇਮ ਦੇ ਵਿੱਚ ਮਸੀਹ ਅਤੇ ਰਸੂਲਾਂ ਦੀ ਸਿੱਖਿਆ ਦੇ ਨਾਲ ਇਹ ਕਲੀਸਿਆ ਨੂੰ ਸੰਪੂਰਨ ਪ੍ਰਕਾਸ਼ ਵੱਜੋਂ ਮਿਲਿਆ।**
>
> **— ਡਾ. ਡੇਨੀਏਲ ਸਟੀਫਨ**

ਗਲਾਤੀਆਂ 3:24 ਦੇ ਵਿੱਚ ਪੌਲੁਸ ਨੇ ਪੁਰਾਣੇ ਅਤੇ ਨਵੇਂ ਦੇ ਵਿਸ਼ਵਾਸ ਵਿੱਚਕਾਰ ਸੰਬੰਧ ਬਾਰੇ ਗੱਲ ਕੀਤੀ:

ਸੋ ਸ਼ਰਾ ਮਸੀਹ ਦੇ ਆਉਣ ਤੀਕ ਸਾਡੇ ਤੇ ਨਿਗਾਹਬਾਨ ਬਣੀ (ਗਲਾਤੀਆਂ 3:24)।

ਇਸ ਵਚਨ ਦੇ ਵਿੱਚ ਨਿਗਾਹਬਾਨ ਸ਼ਬਦ ਯੂਨਾਨੀ ਦੇ ਨਾਂਵ ਪਾਈਡਾਗੋਗੋਸ (παιδαγωγός) ਦਾ ਅਨੁਵਾਦ ਹੈ। ਇਸ ਸ਼ਬਦ ਦਾ ਅਰਥ ਕਿਸੇ ਅਜਿਹੇ ਸਿੱਖਿਅਕ, ਦੇਖਭਾਲ ਕਰਨ ਵਾਲੇ ਤੋਂ ਹੈ ਜੋ ਇੱਕ ਬੱਚੇ ਦਾ ਦਿਸ਼ਾ-ਨਿਰਦੇਸ਼ ਕਰਦਾ ਹੋਇਆ ਬਚਪਨ ਤੋਂ ਪਰਿਪੱਕਤਾ ਦੇ ਵੱਲ ਅਗਵਾਈ ਕਰਦਾ ਹੈ। ਪੁਰਾਣੇ ਨੇਮ ਦੀਆਂ ਸਿੱਖਿਆਵਾਂ ਕਿਸੇ ਬੱਚੇ ਨੂੰ ਦਿੱਤੇ ਜਾਣ ਵਾਲੇ ਨਿਰਦੇਸ਼ਾਂ ਦੀ ਤਰ੍ਹਾਂ ਹਨ, ਪਰ ਨਵੇਂ ਨੇਮ ਦੀ ਸਿੱਖਿਆ ਕਿਸੇ ਪਰਿਪੱਕ ਵਾਰਿਸ ਨੂੰ ਦੇ ਜਾਣ ਵਾਲੇ ਨਿਰਦੇਸ਼ਾਂ ਦੀ ਤਰ੍ਹਾਂ ਹਨ।

ਅਸੀਂ ਸਾਰੇ ਜਾਣਦੇ ਹਾਂ ਕਿ ਮਾਪੇ ਛੋਟੇ ਬੱਚਿਆਂ ਨੂੰ "ਗਲੀ ਵਿੱਚ ਨਾ ਜਾਓ" ਵਰਗੇ ਸਬਕ ਸਿਖਾਉਂਦੇ ਹਨ। "ਅੱਗ ਤੋਂ ਦੂਰ ਰਹੋ।" ਪਰ ਜਦੋਂ ਬੱਚੇ ਬਾਲਗ ਹੋ ਜਾਂਦੇ ਹਨ, ਅਸੀਂ ਉਨ੍ਹਾਂ ਨੂੰ ਗਲੀ ਤੋਂ ਬਾਹਰ ਰਹਿਣ ਜਾਂ ਅੱਗ ਤੋਂ ਦੂਰ ਰਹਿਣ ਦੀ ਚੇਤਾਵਨੀ ਨਹੀਂ ਦਿੰਦੇ ਹਾਂ। ਆਖਰਕਾਰ, ਉਹ ਬਾਲਗ ਹਨ। ਫਿਰ ਵੀ, ਮਾਪੇ ਆਪਣੇ ਬਾਲਗ ਬੱਚਿਆਂ ਤੋਂ ਆਪਣੇ ਬਚਪਨ ਦੇ ਨਿਯਮਾਂ ਦੀ ਬੁੱਧੀ ਨੂੰ ਯਾਦ ਰੱਖਣ ਦੀ ਉਮੀਦ ਰੱਖਦੇ ਹਨ। ਅਸੀਂ ਬਾਲਗਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਯਾਦ ਰੱਖਣ ਕਿ ਸੜਕਾਂ ਅਤੇ ਅੱਗ ਖ਼ਤਰਨਾਕ ਹਨ ਅਤੇ ਧਿਆਨ ਨਾਲ ਉਹਨਾਂ ਤੱਕ ਪਹੁੰਚ ਕਰਨ। ਸਾਡੇ ਲਈ ਇੱਕ ਬਾਲਗ ਨੂੰ ਛੋਟੇ ਬੱਚੇ ਵਾਂਗ ਪੇਸ਼ ਕਰਨਾ ਮੂਰਖਤਾ ਹੈ। ਪਰ ਬਾਲਗਾਂ ਲਈ ਇਹ ਉਨੀ ਹੀ ਮੂਰਖਤਾ ਹੈ ਉਨਾਂ ਗੱਲਾਂ ਨੂੰ ਭੁੱਲ ਜਾਣ ਵਿੱਚ ਹੈ ਜੋ ਕਿ ਉਹਨਾਂ ਨੇ ਆਪਣੇ ਬਚਪਨ ਦੇ ਸਬਕ ਤੋਂ ਕੀ ਸਿੱਖੀਆਂ ਸਨ।

ਬਹੁਤ ਸਾਰੇ ਤਰੀਕਿਆਂ ਨਾਲ, ਪੁਰਾਣੇ ਨੇਮ ਵਿੱਚ ਅਜਿਹੇ ਨਿਰਦੇਸ਼ ਹਨ ਜੋ ਬੱਚਿਆਂ ਨੂੰ ਦਿੱਤੇ ਜਾਂਦੇ ਹਨ। ਇਹ ਪੁਰਾਣੇ ਨੇਮ ਵਿੱਚ ਇਸਰਾਏਲ ਦੇ ਲੋਕਾਂ ਦੀ ਆਤਮਿਕ ਸਥਿਤੀ ਲਈ ਤਿਆਰ ਕੀਤਾ ਗਿਆ ਸੀ ਕਿਉਂਕਿ ਉਹ ਪਰਿਪੱਕਤਾ ਦੇ ਵੱਲ ਵਧ ਰਹੇ ਸਨ। ਨਵਾਂ ਨੇਮ ਉਨ੍ਹਾਂ ਲਈ ਨਿਰਦੇਸ਼ ਹਨ ਜੋ ਮਸੀਹ ਵਿੱਚ ਪਰਮੇਸ਼ੁਰ ਦੇ ਪ੍ਰਗਟ ਹੋਣ ਤੋਂ ਬਾਅਦ ਰਹਿੰਦੇ ਹਨ। ਜੇ ਅਸੀਂ, ਨਵੇਂ ਨੇਮ ਦੇ ਵਿਸ਼ਵਾਸੀ ਹੋਣ ਦੇ ਨਾਤੇ, ਪੁਰਾਣੇ ਨੇਮ ਦੇ ਸਮੇਂ ਦੇ ਲੋਕਾਂ ਵਾਂਗ ਪੁਰਾਣੇ ਨੇਮ ਦੀ ਪਾਲਣਾ ਕਰਦੇ ਹਾਂ, ਤਾਂ ਅਸੀਂ ਮਸੀਹ ਦੀ ਮਹੱਤਤਾ ਤੋਂ ਇਨਕਾਰ ਕਰਦੇ ਹਾਂ। ਪਰ ਜੇ ਅਸੀਂ ਪੁਰਾਣੇ ਨੇਮ ਵਿੱਚ ਸਿਖਾਈ ਗਈ ਬੁੱਧੀ ਨੂੰ ਰੱਦ ਕਰਦੇ ਹਾਂ, ਤਾਂ ਅਸੀਂ ਪੁਰਾਣੇ ਨੇਮ ਦੇ ਉਸ ਅਧਿਕਾਰ ਦਾ ਇਨਕਾਰ ਕਰਦੇ ਹਾਂ ਜਿਸਦਾ ਮਸੀਹ ਬਹੁਤ ਆਦਰ ਕਰਦਾ ਸੀ। ਮਸੀਹ ਦੇ ਵਫ਼ਾਦਾਰ ਪੈਰੋਕਾਰਾਂ ਵਜੋਂ, ਸਾਨੂੰ ਪੁਰਾਣੇ ਨੇਮ ਦੇ ਅਧਿਕਾਰ ਦੇ ਅਧੀਨ ਹੋਣਾ ਚਾਹੀਦਾ ਹੈ, ਪਰ ਸਾਨੂੰ ਉਨ੍ਹਾਂ ਵਾਂਗ ਕਰਨਾ ਚਾਹੀਦਾ ਹੈ ਜਿਨ੍ਹਾਂ ਉੱਤੇ ਯੁੱਗਾਂ ਦੀ ਪੂਰਤੀ ਆਈ ਹੈ।

ਯੁੱਗਾਂ ਦੇ ਵਿੱਚ ਹੋਏ ਵਿਕਾਸ ਦੇ ਨਾਲ-ਨਾਲ, ਜੇਕਰ ਅਸੀਂ ਪੁਰਾਣੇ ਨੇਮ ਨੂੰ ਆਪਣੇ ਸਮੇਂ ਵਿੱਚ ਲਾਗੂ ਕਰਨਾ ਹੈ ਤਾਂ ਸਾਨੂੰ ਸਭਿਆਚਾਰਕ ਵਿਕਾਸ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ।

## ਸਭਿਆਚਾਰਕ

ਜਿਵੇਂ ਅਸੀਂ ਪੁਰਾਣੇ ਨੇਮ ਦਾ ਅਧਿਐਨ ਕਰਦੇ ਹਾਂ, ਤਾਂ ਸਾਨੂੰ ਪੁਰਾਣੇ ਨੇਮ ਅਤੇ ਸਾਡੇ ਸਮਿਆਂ ਦੇ ਵਿਚਾਲੇ ਸਭਿਆਚਾਰਕ ਵਖਰੇਵਿਆਂ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ। ਸਾਡੇ ਦਿਨਾਂ ਅਤੇ ਅਬਰਾਹਾਮ ਦੇ ਸਮੇਂ ਵਿੱਚਕਾਰ ਕਿਹੜੀਆਂ ਸਭਿਆਚਾਰਕ ਸਮਾਨਤਾਵਾਂ ਹਨ। ਸਾਡਾ ਸਭਿਆਚਾਰ ਦਾਊਦ ਦੇ ਸਭਿਆਚਾਰ ਦੇ ਤਰ੍ਹਾਂ ਕਿਵੇਂ ਹੈ? ਪੁਰਾਣੇ ਨੇਮ ਦੇ ਪ੍ਰਾਚੀਨ ਦਿਨਾਂ ਤੋਂ ਹੁਣ ਤੱਕ ਮਨੁੱਖੀ ਸਭਿਆਚਾਰ ਕਿਵੇਂ ਬਦਲ ਗਿਆ ਹੈ। ਕਿਹੜੇ ਰਿਵਾਜ ਅਤੇ ਪਰੰਪਰਾਵਾਂ ਅਲੱਗ ਹਨ? ਜੇਕਰ ਅਸੀਂ ਆਧੁਨਿਕ ਜੀਵਨ ਵਿੱਚ ਪੁਰਾਣੇ ਨੇਮ ਦਾ ਜ਼ਿੰਮੇਦਾਰੀ ਦੇ ਨਾਲ ਲਾਗੂਕਰਨ ਕਰਨਾ ਹੈ ਤਾਂ ਸਾਨੂੰ ਇੰਨਾਂ ਪ੍ਰਸ਼ਨਾਂ ਦਾ ਉੱਤਰ ਦੇਣਾ ਪਵੇਗਾ।

**ਅਸੀਂ 21ਵੀਂ ਸਦੀ ਵਿੱਚ ਰਹਿੰਦੇ ਹਾਂ, ਅਤੇ ਅਸੀਂ ਵੇਖਦੇ ਹਾਂ ਕਿ ਸਾਡਾ ਅਤੇ ਪੁਰਾਣੇ ਨੇਮ ਦਾ ਸਭਿਆਚਾਰ ਪੂਰੀ ਤਰ੍ਹਾਂ ਅਲੱਗ ਹਨ। ਇਸ ਲਈ, ਸਾਨੂੰ ਅਸਲ ਵਿੱਚ ਬਾਈਬਲ ਦੇ ਸੱਭਿਆਚਾਰ ਵਿੱਚ ਡੂੰਘਾਈ ਨਾਲ ਖੋਦਣ ਦੀ ਲੋੜ ਹੈ ਤਾਂ ਜੋ ਅਸੀਂ ਸਬਕ ਨੂੰ ਸਮਝ ਸਕੀਏ। ਇਸ ਲਈ, ਸਾਡੇ ਕੰਮ ਕਰਨ ਦਾ ਤਰੀਕਾ ਪੁਰਾਣੇ ਨੇਮ ਤੋਂ ਬਹੁਤ ਵੱਖਰਾ ਹੈ। ਇਸ ਲਈ, ਸਾਨੂੰ ਅਸਲ ਵਿੱਚ ਪੁਰਾਣੇ ਨੇਮ ਦੇ ਪ੍ਰਸੰਗ ਅਤੇ ਸਭਿਆਚਾਰ ਨੂੰ ਵੇਖਣ ਦੀ ਲੋੜ ਹੈ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਪਰਮੇਸ਼ੁਰ ਪੁਰਾਣੇ ਨੇਮ ਵਿੱਚ ਆਪਣੇ ਲੋਕਾਂ ਦੇ ਜੀਵਨ ਵਿੱਚ ਕੀ ਕਰ ਰਿਹਾ ਹੈ।**

**— ਡਾ. ਡੇਨੀਏਲ ਸੀਮਾਂਗੋ**

ਸਾਨੂੰ ਸਿਰਫ਼ ਯੁੱਗਾਂ ਦੇ ਵਿਕਾਸ ਅਤੇ ਸਭਿਆਚਾਰਕ ਵਿਕਾਸ ਬਾਰੇ ਵਿਚਾਰ ਨਹੀਂ ਕਰਨਾ ਚਾਹੀਦਾ ਪਰ ਪੁਰਾਣੇ ਨੇਮ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ ਦੇ ਲਈ, ਸਾਨੂੰ ਨਿੱਜੀ ਵਿਕਾਸ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ।

### ਨਿੱਜੀ

ਪੁਰਾਣੇ ਨੇਮ ਦੇ ਲੋਕਾਂ ਅਤੇ ਅਜੋਕੇ ਸਮੇਂ ਵਿੱਚ ਰਹਿ ਰਹੇ ਲੋਕਾਂ ਵਿੱਚਕਾਰ ਬਹੁਤ ਸਾਰੀਆਂ ਸਮਾਨਤਾਵਾਂ ਅਤੇ ਬਹੁਤ ਵਖਰੇਵੇਂ ਹਨ। ਜੇਕਰ ਅਸੀਂ ਪੁਰਾਣੇ ਨੇਮ ਦੀਆਂ ਪ੍ਰਾਚੀਨ ਲਿਖਤਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਦੀ ਉਮੀਦ ਕਰਦੇ ਹਾਂ ਤਾਂ ਸਾਨੂੰ ਇਸ ਪ੍ਰਕਾਰ ਦੇ ਪ੍ਰਸ਼ਨ ਪੁੱਛਣੇ ਚਾਹੀਦੇ ਹਨ: ਸਾਡੇ ਨਿੱਜੀ ਜੀਵਨ ਉਨ੍ਹਾਂ ਨਾਲ ਕਿਵੇਂ ਤੁਲਨਾ ਕਰਦੇ ਹਨ ਜਿੰਨ੍ਹਾਂ ਨੂੰ ਅਸੀਂ ਪੁਰਾਣੇ ਨੇਮ ਵਿੱਚ ਦੇਖਦੇ ਹਾਂ? ਸਮਾਜ ਵਿੱਚ ਸਾਡੀ ਕੀ ਭੂਮਿਕਾ ਹੈ? ਉਹ ਭੂਮਿਕਾਵਾਂ ਪੁਰਾਣੇ ਨੇਮ ਵਿੱਚ ਲੋਕਾਂ ਦੀਆਂ ਭੂਮਿਕਾਵਾਂ ਨਾਲ ਕਿਵੇਂ ਤੁਲਨਾ ਕਰਦੀਆਂ ਹਨ? ਸਾਡੀ ਆਤਮਕ ਸਥਿਤੀ ਕੀ ਹੈ? ਸਾਡੇ ਵਿਚਾਰ, ਕਿਰਿਆਵਾਂ ਅਤੇ ਭਾਵਨਾਵਾਂ ਦੀ ਤੁਲਨਾ ਉਹਨਾਂ ਲੋਕਾਂ ਦੀ ਤੁਲਨਾ ਵਿੱਚ ਨਾਲ ਕਿਵੇਂ ਹਨ ਜਿੰਨ੍ਹਾਂ ਨੂੰ ਅਸੀਂ ਪੁਰਾਣੇ ਨੇਮ ਦੇ ਸਮੇਂ ਦੇ ਲੋਕਾਂ ਵੱਜੋਂ ਦੇਖਦੇ ਹਾਂ? ਪੁਰਾਣੇ ਨੇਮ ਦੇ ਲੋਕਾਂ ਅਤੇ ਆਧੁਨਿਕ ਲੋਕਾਂ ਵਿਚਕਾਰ ਸਮਾਨਤਾਵਾਂ ਅਤੇ ਅੰਤਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਅਸੀਂ ਬਿਹਤਰ ਢੰਗ ਨਾਲ ਸਮਝ ਸਕਦੇ ਹਾਂ ਕਿ ਸਾਡੇ ਜ਼ਮਾਨੇ ਵਿੱਚ ਪੁਰਾਣੇ ਨੇਮ ਨੂੰ ਕਿਵੇਂ ਲਾਗੂ ਕਰਨਾ ਹੈ।

## ਸਮਾਪਨ

ਇਸ ਪਾਠ ਦੇ ਵਿੱਚ ਅਸੀਂ ਪੁੱਛਿਆ ਹੈ ਕਿ ਸਾਨੂੰ ਪੁਰਾਣੇ ਨੇਮ ਦਾ ਅਧਿਐਨ ਕਿਉਂ ਕਰਨਾ ਚਾਹੀਦਾ ਹੈ? ਅਸੀਂ ਉਨ੍ਹਾਂ ਕਠਿਨਾਈਆਂ ਨੂੰ ਮੰਨਿਆ ਹੈ ਜੋ ਸਾਡੇ ਅਤੇ ਇਸ ਪ੍ਰਾਚੀਨ ਕਿਤਾਬ ਦੇ ਵਿੱਚਕਾਰ ਹੈ, ਜਿਸ ਵਿੱਚ ਅਸੀਂ ਦੂਰੀ ਹੋਰ ਪ੍ਰਕਾਰ ਦੀਆਂ ਦੂਰੀਆਂ ਦਾ ਸਾਹਮਣਾ ਕਰਦੇ ਹਾਂ। ਅਸੀਂ ਇਹ ਵੀ ਵੇਖਿਆ ਹੈ ਕਿ ਨਵਾਂ ਨੇਮ ਬਹੁਤ ਮਜਬੂਤੀ ਦੇ ਨਾਲ

ਪੁਰਾਣੇ ਨੇਮ ਦੀ ਸਾਡੇ ਦਿਨਾਂ ਵਿੱਚ ਸਾਰਥਕਤਾ ਦੀ ਪੁਸ਼ਟੀ ਕਰਦਾ ਹੈ, ਵਿਸ਼ੇਸ਼ ਕਰਕੇ ਯਿਸੂ ਅਤੇ ਪੌਲੁਸ ਦੀਆਂ ਸਿੱਖਿਆਵਾਂ ਦੁਆਰਾ। ਅਤੇ ਅਸੀਂ ਉਨ੍ਹਾਂ ਚੁਣੌਤੀਆਂ, ਸੰਬੰਧਾਂ ਅਤੇ ਵਿਕਾਸਾਂ ਬਾਰੇ ਵੀ ਵਿਚਾਰ ਕੀਤਾ ਹੈ ਜੋ ਸਾਡੇ ਜੀਵਨਾਂ ਵਿੱਚ ਪੁਰਾਣੇ ਨੇਮ ਦੇ ਲਾਗੂਕਰਨ ਦੇ ਨਾਲ ਸੰਬੰਧਿਤ ਹਨ।

ਅਕਸਰ ਮਸੀਹ ਦੇ ਪੈਰੋਕਾਰ ਪੁਰਾਣੇ ਨੇਮ ਦੇ ਬਾਰੇ ਬਹੁਤ ਘੱਟ ਜਾਣਕਾਰੀ ਦੇ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ ਅਤੇ ਉਹ ਨਵੇਂ ਨੇਮ ਨੂੰ ਪਰਮੇਸ਼ੁਰ ਦੇ ਵਚਨ ਦੇ ਤੌਰ ਤੇ ਵੇਖਦੇ ਹਨ। ਪਰ ਜਿੰਨਾਂ ਮਹੱਤਵਪੂਰਨ ਨਵਾਂ ਨੇਮ ਹੈ, ਇਹ ਇਕੱਲਾ ਕਦੇ ਵੀ ਉਨ੍ਹਾਂ ਮਸੀਹੀਆਂ ਦੀ ਸਹਾਇਤਾ ਨਹੀਂ ਕਰ ਸਕਦਾ ਜੋ ਵਿਸ਼ਵਾਸ ਵਿੱਚ ਵਧਣਾ ਚਾਹੁੰਦੇ ਹਨ। ਸਾਨੂੰ ਪੁਰਾਣੇ ਨੇਮ ਦੀ ਵੀ ਜਰੂਰਤ ਹੈ। ਪੁਰਾਣੇ ਨੇਮ ਦਾ ਅਧਿਐਨ ਕਰਨ ਵਿੱਚ ਬਹੁਤ ਸਾਰੀ ਮਿਹਨਤ ਲੱਗਦੀ ਹੈ, ਪਰ ਇਸ ਮਿਹਨਤ ਦਾ ਬਹੁਤ ਸਾਰਾ ਫਲ ਮਿਲਦਾ ਹੈ। ਪੁਰਾਣਾ ਨੇਮ ਪਰਮੇਸ਼ੁਰ ਦਾ ਵਚਨ ਹੈ। ਅਤੇ ਮਸੀਹ ਦੇ ਵਫ਼ਾਦਾਰ ਚੇਲਿਆਂ ਦੇ ਰੂਪ ਵਿੱਚ ਆਪਣੇ ਆਪ ਨੂੰ ਮਸੀਹ ਦੀ ਤਰ੍ਹਾਂ ਵਚਨਾਂ ਦੇ ਪ੍ਰਤੀ ਸਮਰਪਿਤ ਹੋਣਾ ਚਾਹੀਦਾ ਹੈ। ਜਦੋਂ ਅਸੀਂ ਅਜਿਹਾ ਕਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਪੁਰਾਣਾ ਨੇਮ ਪਰਮੇਸ਼ੁਰ ਦੇ ਵੱਲੋਂ ਇੱਕ ਸ਼ਾਨਦਾਰ ਤੋਹਫਾ ਹੈ ਜੋ ਉਸਨੇ ਹਰ ਸਥਾਨ ਅਤੇ ਹਰੇਕ ਯੁੱਗ ਦੇ ਲਈ ਦਿੱਤਾ ਹੈ।

# ਸਹਿਯੋਗੀ

**ਡਾ. ਰਿਚਰਡ ਐਲ. ਪ੍ਰੈਟ**, **ਜੂਨੀਅਰ (ਮੇਜ਼ਬਾਨ)** ਥਰਡ ਮਿਲੇਨੀਅਮ ਸੇਵਕਾਈ ਦੇ ਸਹਿ-ਸੰਸਥਾਪਕ ਅਤੇ ਪ੍ਰਧਾਨ ਹਨ। ਉਸਨੇ 20 ਸਾਲਾਂ ਤੋਂ ਵੱਧ ਸਮੇਂ ਲਈ ਰਿਫਾਰਮਡ ਥੀਓਲਾਜੀਕਲ ਸੈਮੀਨਰੀ ਵਿੱਚ ਪੁਰਾਣੇ ਨੇਮ ਦੇ ਪ੍ਰੋਫੈਸਰ ਵਜੋਂ ਸੇਵਾ ਕੀਤੀ ਅਤੇ ਪੁਰਾਣੇ ਨੇਮ ਵਿਭਾਗ ਦੀ ਪ੍ਰਧਾਨਗੀ ਕੀਤੀ। ਇੱਕ ਠਹਿਰਾਏ ਹੋਏ ਸੇਵਕ ਦੇ ਤੌਰ ਤੇ, ਡਾ. ਪ੍ਰੈਟ ਪ੍ਰਚਾਰ ਕਰਨ ਅਤੇ ਸਿਖਾਉਣ ਲਈ ਵਿਆਪਕ ਯਾਤਰਾ ਕਰਦਾ ਹੈ। ਉਸਨੇ ਵੈਸਟਮਿੰਸਟਰ ਥੀਓਲਾਜੀਕਲ ਸੈਮੀਨਰੀ ਵਿੱਚ ਪੜ੍ਹਾਈ ਕੀਤੀ, ਆਪਣੀ ਐਮ.ਡਿਵ ਯੂਨੀਅਨ ਥੀਓਲਾਜੀਕਲ ਸੈਮੀਨਰੀ ਤੋਂ, ਅਤੇ ਹਾਰਵਰਡ ਯੂਨੀਵਰਸਿਟੀ ਤੋਂ ਪੁਰਾਣੇ ਨੇਮ ਦੇ ਅਧਿਐਨ ਵਿੱਚ ਉੱਚ ਪੱਧਰੀ ਪੜ੍ਹਾਈ ਕੀਤੀ ਹੈ। ਡਾ. ਪ੍ਰੈਟ NIV ਸਪਿਰਿਟ ਆਫ਼ ਦ ਰਿਫੋਰਮੇਸ਼ਨ ਸਟੱਡੀ ਬਾਈਬਲ ਦੇ ਜਨਰਲ ਸੰਪਾਦਕ ਅਤੇ ਨਿਊ ਲਿਵਿੰਗ ਟ੍ਰਾਂਸਲੇਸ਼ਨ ਲਈ ਅਨੁਵਾਦਕ ਹਨ। ਉਸਨੇ ਬਹੁਤ ਸਾਰੀਆਂ ਕਿਤਾਬਾਂ ਅਤੇ ਸਿਰਲੇਖ ਲਿਖੇ ਹਨ ਜਿਸ ਵਿੱਚ *ਆਪਣੀਆਂ ਅੱਖਾਂ ਖੋਲ੍ਹ ਕੇ ਪ੍ਰਾਰਥਨਾ ਕਰਨਾ, ਹਰ ਵਿਚਾਰ ਨੂੰ ਅਧੀਨ ਕਰਨਾ, ਮਹਿਮਾ ਦੇ ਲਈ ਰਚੇ ਗਏ, ਉਸਨੇ ਸਾਨੂੰ ਕਹਾਣੀਆਂ ਦਿੱਤੀਆਂ, 1 ਅਤੇ 2 ਇਤਿਹਾਸ ਅਤੇ 1 ਅਤੇ 2 ਕੁਰਿੰਥੀਆਂ ਤੇ ਟੀਕਾ* ਸ਼ਾਮਿਲ ਹਨ।

---

**ਰੇਵ. ਮਾਈਕਲ ਜੇ. ਗਲੋਡੋ ਓਰਲੈਂਡੋ**, ਫਲੋਰੀਡਾ ਵਿੱਚ ਰਿਫਾਰਮਡ ਥੀਓਲਾਜੀਕਲ ਸੈਮੀਨਰੀ ਵਿੱਚ ਬਾਈਬਲ ਸਟੱਡੀਜ਼ ਦੇ ਸਹਾਇਕ ਪ੍ਰੋਫੈਸਰ ਹਨ।

**ਡਾ. ਜੇਮਜ਼ ਐਮ. ਹੈਮਿਲਟਨ** ਦ ਦੱਖਣੀ ਬੈਪਟਿਸਟ ਥੀਓਲਾਜੀਕਲ ਸੈਮੀਨਰੀ ਵਿਖੇ ਬਾਈਬਲ ਦੇ ਧਰਮ ਸ਼ਾਸਤਰ ਦੇ ਸਹਾਇਕ ਪ੍ਰੋਫੈਸਰ ਅਤੇ ਕੇਨਵੁੱਡ ਬੈਪਟਿਸਟ ਕਲੀਸਿਆ ਦੇ ਪ੍ਰਚਾਰਕ ਪਾਸਬਾਨ ਹਨ।

**ਡਾ. ਥੈਡੀਅਸ ਜੇ. ਜੇਮਜ਼**, ਜੂਨੀਅਰ ਬਰਮਿੰਘਮ ਥੀਓਲਾਜੀਕਲ ਸੈਮੀਨਰੀ ਵਿਖੇ ਅਕਾਦਮਿਕ ਮਾਮਲਿਆਂ ਦੇ ਉਪ ਪ੍ਰਧਾਨ ਹਨ।

**ਡਾ. ਮਾਰਕ ਏ. ਜੇਨਿੰਗਸ** ਗੋਰਡਨ-ਕੌਨਵੈਲ ਥੀਓਲਾਜੀਕਲ ਸੈਮੀਨਰੀ ਵਿੱਚ ਨਵੇਂ ਨੇਮ ਦੇ ਸਿੱਖਿਅਕ ਹਨ।

**ਡਾ. ਰਾਬਰਟ ਮੈਕਈਵੇਨ** ਬਿਬਲੀਕਲ ਸਟੱਡੀਜ਼ ਦੇ ਲੈਕਚਰਾਰ ਅਤੇ ਈਸਟ ਏਸ਼ੀਆ ਸਕੂਲ ਆਫ਼ ਥੀਓਲੋਜੀ, ਸਿੰਗਾਪੁਰ ਵਿਖੇ ਚੀਨੀ ਧਰਮ ਸ਼ਾਸਤਰ ਵਿਭਾਗ ਦੇ ਡਾਇਰੈਕਟਰ ਹਨ।

**ਰੇਵ. ਟਿਮੋਥੀ ਮਾਊਂਟਫੋਰਟ** ਵੈਸਟਰਨ ਚਾਈਨਾ ਕੋਵੇਨੈਂਟ ਥੀਓਲਾਜੀਕਲ ਸੈਮੀਨਰੀ ਵਿੱਚ ਅਕਾਦਮਿਕ ਡੀਨ ਹੈ।

**ਡਾ. ਮੈਥਿਊ ਨਿਊਕਿਰਕ ਓਕਾਜ਼ਾਕੀ**, ਜਾਪਾਨ ਵਿੱਚ ਕ੍ਰਾਈਸਟ ਬਾਈਬਲ ਸੈਮੀਨਰੀ ਵਿੱਚ ਪੁਰਾਣੇ ਨੇਮ ਦੇ ਪ੍ਰਧਾਨ ਅਤੇ ਪ੍ਰੋਫੈਸਰ ਹਨ।

**ਡਾ. ਲੁਈਸ ਓਰਟੇਜ਼ਾ** ਬਰਮਿੰਘਮ ਥੀਓਲਾਜੀਕਲ ਸੈਮੀਨਰੀ ਵਿਖੇ ਕਾਉਂਸਲਿੰਗ ਲਈ ਸਹਾਇਕ ਪ੍ਰੋਫ਼ੈਸਰ ਹੈ।

**ਡਾ. ਫਿਲਿਪ ਰਾਇਕਨ** ਵ੍ਹੀਟਨ ਕਾਲਜ ਦੇ ਪ੍ਰਧਾਨ ਹਨ।

**ਡਾ. ਡੈਨੀਅਲ ਸਿਮਾਂਗੋ** ਕੇਪ ਟਾਊਨ ਵਿੱਚ ਦ ਬਾਈਬਲ ਇੰਸਟੀਚਿਊਟ ਆਫ਼ ਸਾਊਥ ਅਫ਼ਰੀਕਾ ਵਿੱਚ ਪ੍ਰਿੰਸੀਪਲ ਹਨ।

**ਡਾ. ਵੁਯਾਨੀ ਸਿੰਡੋ** ਦੱਖਣੀ ਅਫ਼ਰੀਕਾ ਦੇ ਜਾਰਜ ਵ੍ਹਾਈਟਫੀਲਡ ਕਾਲਜ ਵਿੱਚ ਲੈਕਚਰਾਰ ਹਨ।

**ਡਾ. ਡੈਨੀਅਲ ਸਟੀਫਨ** ਗੁਆਟੇਮਾਲਾ ਸਿਟੀ ਵਿੱਚ ਸੈਮੀਨਾਰਿਓ ਟੇਓਲੋਜੀਕਲ ਸੈਂਟਰੋਅਮਰੀਕਾਨੋ ਵਿਖੇ ਪ੍ਰੋਫ਼ੈਸਰ ਹਨ।

**ਡਾ. ਪੀਟਰ ਵਾਕਰ** ਨੇ ਟ੍ਰਿਨਿਟੀ ਸਕੂਲ ਫਾਰ ਮਿਨਿਸਟ੍ਰੀ ਵਿਖੇ ਬਿਬਲੀਕਲ ਸਟੱਡੀਜ਼ ਦੇ ਪ੍ਰੋਫੈਸਰ ਅਤੇ ਵਾਈਕਲਿਫ ਹਾਲ, ਆਕਸਫੋਰਡ ਵਿਖੇ ਐਸੋਸੀਏਟ ਵਾਈਸ-ਪ੍ਰਿੰਸੀਪਲ ਵਜੋਂ ਸੇਵਾ ਕੀਤੀ ਹੈ। ਉਹ ਵਰਤਮਾਨ ਵਿੱਚ ਬਾਈਬਲ ਸਟੱਡੀਜ਼ ਲਈ ਯਰੂਸ਼ਲਮ ਸੈਂਟਰ ਵਿੱਚ ਇੱਕ ਸਿੱਖਿਅਕ ਹੈ।

**ਡਾ. ਸਟੀਫਨ ਜੇ. ਵੇਲਮ** ਦੱਖਣੀ ਬੈਪਟਿਸਟ ਥੀਓਲਾਜੀਕਲ ਸੈਮੀਨਰੀ ਵਿਖੇ ਕ੍ਰਿਸ਼ਚੀਅਨ ਥੀਓਲੋਜੀ ਦੇ ਪ੍ਰੋਫੈਸਰ ਹਨ।

**ਡਾ. ਸਟੀਫਨ ਈ. ਵਿਟਮਰ** ਗੋਰਡਨ-ਕੌਨਵੇਲ ਥੀਓਲਾਜੀਕਲ ਸੈਮੀਨਰੀ ਵਿਖੇ ਨਵੇਂ ਨੇਮ ਦੇ ਸਹਾਇਕ ਪ੍ਰੋਫ਼ੈਸਰ ਅਤੇ ਪੇਪਰਲ, ਐਮ.ਏ. ਵਿੱਚ ਪੇਪਰਲ ਕ੍ਰਿਸ਼ਚੀਅਨ ਫੈਲੋਸ਼ਿਪ ਦੇ ਲੀਡ ਪਾਸਟਰ ਹਨ।

# ਸ਼ਬਦਾਵਲੀ

**ਈਸ਼ਵਰੀ ਨਿਵਾਸ** – ਇਸ ਸ਼ਬਦ ਦਾ ਉਪਯੋਗ ਇਹ ਦਰਸਾਉਣ ਲਈ ਕੀਤਾ ਗਿਆ ਹੈ ਕਿ ਕਿਵੇਂ ਅਸੀਮਿਤ ਪਰਮੇਸ਼ੁਰ ਸੀਮਿਤ ਮਨੁੱਖਾਂ ਦੇ ਨਾਲ ਉਸ ਵਾਰਤਾਲਾਪ ਵਿੱਚ ਗੱਲ ਕਰਦਾ ਹੈ ਜਿਸਨੂੰ ਅਸੀਂ ਸਮਝ ਸਕੀਏ।

**ਲਿਖਤਾਂ** – ਅਧਿਕਾਰਕ ਲਿਖਤ: ਯਹੂਦੀ-ਮਸੀਹੀਆਂ ਦੀ ਪਰੰਪਰਾ ਵਿੱਚ ਮਾਨਤਾ ਪਵਿੱਤਰ ਬਾਣੀ ਮੰਨੇ ਜਾਣ ਵਾਲੇ ਪ੍ਰਾਪਤ ਖਾਸ ਦਸਤਾਵੇਜ

**ਨੇਮ** – ਦੋ ਲੋਕਾਂ, ਸਮੂਹਾਂ ਜਾਂ ਪਰਮੇਸ਼ੁਰ ਅਤੇ ਕਿਤੇ ਵਿਅਕਤੀ ਜਾਂ ਲੋਕਾਂ ਦੇ ਸਮੂਹ ਨਾਲ ਕੀਤਾ ਜਾਣ ਵਾਲਾ

**ਵਿਕਾਸ ਦਾ ਦ੍ਰਿਸ਼ਟੀਕੋਣ** – ਅਜਿਹਾ ਦ੍ਰਸ਼ਟੀਕੋਣ ਜੋ ਪੁਰਾਣੇ ਨੇਮ ਤੋਂ ਲੈ ਕੇ ਨਵੇਂ ਨੇਮ ਤੱਕ ਦੇ ਬਦਲਾਵਾਂ ਨੂੰ ਵੇਖਦਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਸਾਰਾ ਪੁਰਾਣਾ ਨੇਮ ਮਹੱਤਵਪੂਰਨ ਹੈ, ਪਰ ਇਸਦਾ ਲਾਗੂਕਰਨ ਨਵੇਂ ਨੇਮ ਦੀ ਰੌਸ਼ਨੀ ਵਿੱਚ ਕੀਤਾ ਜਾਣਾ ਚਾਹੀਦਾ ਹੈ।

**ਈਸ਼ਵਰੀ ਵਿਸ਼ੇਸ਼ਤਾਵਾਂ** – ਪਰਮੇਸ਼ੁਰ ਦੇ ਤੱਤ ਦੀਆਂ ਸੰਪੂਰਨਤਾਵਾਂ ਵੱਖ-ਵੱਖ ਇਤਿਹਾਸਕ ਪ੍ਰਗਟਾਵਿਆਂ ਦੁਆਰਾ ਪ੍ਰਗਟ ਹੁੰਦੀਆਂ ਹਨ; ਅਜਿਹੇ ਗੁਣ ਜੋ ਕੇਵਲ ਪ੍ਰਮਾਤਮਾ ਕੋਲ ਹੀ ਹੋ ਸਕਦਾ।

**ਏਰਗੇਟਸ**- ਯੂਨਾਨੀ ਸ਼ਬਦ (ਅਨੁਵਾਦ) ਜਿਸਦਾ ਅਰਥ ਹੈ "ਇੱਕ ਕਾਮਾ" ਜਾਂ "ਇੱਕ ਮਜ਼ਦੂਰ"।

**ਸਦੀਪਕ ਸਭਾ** – ਵਿਸ਼ਵ ਦੇ ਲਈ ਪਰਮੇਸ਼ੁਰ ਯੋਜਨਾ ਜਿਸਦੀ ਸਥਾਪਨਾ ਉਸਦੀ ਰਚਨਾ ਦੇ ਕੰਮ ਤੋਂ ਪਹਿਲਾਂ ਕੀਤੀ ਗਈ ਸੀ।

**ਸਮਤਲ ਦ੍ਰਿਸ਼ਟੀਕੋਣ** – ਅਜਿਹਾ ਦ੍ਰਿਸ਼ਟੀਕੋਣ ਜੋ ਪੁਰਾਣੇ ਅਤੇ ਨਵੇਂ ਨੇਮ ਦੇ ਵਿਚਕਾਰ ਨਿਰੰਤਰਤਾ ਅਤੇ ਤਬਦੀਲੀਆਂ ਨੂੰ ਵੇਖਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਜੇਕਰ ਨਵਾਂ ਨੇਮ ਕਿਸੇ ਤਬਦੀਲੀ ਦਾ ਜ਼ਿਕਰ ਨਹੀਂ ਕਰਦਾ ਹੈ, ਤਾਂ ਸਾਨੂੰ ਜਿੰਨਾ ਸੰਭਵ ਹੋ ਸਕੇ ਪੁਰਾਣੇ ਨੇਮ ਦੀ ਪਾਲਣਾ ਕਰਨੀ ਚਾਹੀਦੀ ਹੈ।

**ਅਟੱਲ** – ਇਸ ਦਾ ਅਰਥ ਹੈ "ਕਦੇ ਨਾ ਬਦਲਣ ਵਾਲਾ"; ਇਸਦਾ ਉਪਯੋਗ ਪਰਮੇਸ਼ੁਰ ਦੇ ਨਾ ਬਦਲਣ ਵਾਲੇ ਸੁਭਾਅ ਅਤੇ
ਸੰਪੂਰਨਤਾਈ ਨੂੰ ਦਰਸਾਇਆ ਗਿਆ ਹੈ।

**ਮਕੈਨੀਕਲ ਪ੍ਰੇਰਨਾ** – ਪ੍ਰੇਰਨਾ ਦਾ ਦ੍ਰਿਸ਼ਟੀਕੋਣ ਜੋ ਦਾਅਵਾ ਕਰਦਾ ਹੈ ਕਿ ਪਵਿੱਤਰ ਆਤਮਾ ਨੇ ਜ਼ਰੂਰੀ ਤੌਰ 'ਤੇ ਬਾਈਬਲ ਨੂੰ ਨਿਰਦੇਸ਼ਿਤ ਕੀਤਾ ਹੈ, ਅਤੇ ਮਨੁੱਖੀ ਲੇਖਕਾਂ ਨੇ ਉਸ ਨੂੰ **ਰਾਸ਼ਟਰੀ ਨੇਮ** ਦੇ ਸ਼ਬਦਾਂ ਨੂੰ ਨਿਸ਼ਕਿਰਿਆ ਰੂਪ ਵਿੱਚ ਰਿਕਾਰਡ ਕੀਤਾ - ਇੱਕ ਵਿਅਕਤੀ ਜੋ ਇਸਰਾਏਲ ਕੌਮ (ਅਬਰਾਹਮ, ਮੂਸਾ, ਅਤੇ ਡੇਵਿਡ) ਦੀ ਨੁਮਾਇੰਦਗੀ ਕਰਦਾ ਸੀ, ਉਸ ਨਾਲ ਬੰਨ੍ਹਿਆ ਗਿਆ ਇੱਕ ਨੇਮ।

**ਨਵਾਂ ਨੇਮ -** ਮਸੀਹ ਦੇ ਵਿੱਚ ਪੂਰਾ ਹੋਇਆ ਨੇਮ: ਜਿਸਦਾ ਪਹਿਲਾ ਜ਼ਿਕਰ ਯਿਰਮਿਯਾਹ 31:31 ਵਿੱਚ ਕੀਤਾ ਗਿਆ ਹੈ।

**ਜੈਵਿਕ ਪ੍ਰੇਰਨਾ** – ਪ੍ਰੇਰਨਾ ਦਾ ਦ੍ਰਿਸ਼ਟੀਕੋਣ ਜੋ ਦਾਅਵਾ ਕਰਦਾ ਹੈ ਕਿ ਪਵਿੱਤਰ ਆਤਮਾ ਨੇ ਮਨੁੱਖੀ ਲੇਖਕਾਂ ਦੇ ਵਿਅਕਤੀਤਵਾਂ, ਅਨੁਭਵਾਂ, ਦ੍ਰਿਸ਼ਟੀਕੋਣਾਂ ਅਤੇ ਇਰਾਦਿਆਂ ਦੀ ਵਰਤੋਂ ਕੀਤੀ ਕਿਉਂਕਿ ਉਸਨੇ ਅਧਿਕਾਰਤ ਅਤੇ ਅਚਨਚੇਤ ਤੌਰ 'ਤੇ ਉਨ੍ਹਾਂ ਦੀ ਲਿਖਤ ਦਾ ਮਾਰਗਦਰਸ਼ਨ ਕੀਤਾ।

**ਮੂਲ ਅਰਥ** – ਅਜਿਹਾ ਪ੍ਰਭਾਵ ਅਤੇ ਅਰਥ ਜੋ ਪਰਮੇਸ਼ੁਰ ਅਤੇ ਉਸਦੇ ਪ੍ਰੇਰਿਤ ਲੇਖਕਾਂ ਨੇ ਸਾਂਝੇ ਤੌਰ 'ਤੇ ਲਿਖਤ ਨੂੰ ਇਸਦੇ ਪਹਿਲੇ ਸਰੋਤਿਆਂ ਤੱਕ ਸੰਚਾਰ ਕਰਨ ਦਾ ਇਰਾਦਾ ਬਣਾਇਆ ਸੀ।

**ਭਾਵਨਾਤਮਕ ਪ੍ਰੇਰਨਾ** – ਪ੍ਰੇਰਨਾ ਦਾ ਅਜਿਹਾ ਦ੍ਰਿਸ਼ਟੀਕੋਣ ਜੋ ਇਹ ਦਰਸਾਉਂਦਾ ਹੈ ਕਿ ਪਵਿੱਤਰ ਆਤਮਾ ਨੇ ਬਾਈਬਲ ਲਿਖਣ ਵਾਲੇ ਲੇਖਕਾਂ ਨੂੰ ਪ੍ਰੇਰਿਤ ਕੀਤਾ ਪਰ ਉਨ੍ਹਾਂ ਦੀਆਂ ਲਿਖਤਾਂ ਦੀ ਸਖ਼ਤ ਨਿਗਰਾਨੀ ਨਹੀਂ ਕੀਤੀ।

**ਖੰਡਿਤ ਦ੍ਰਿਸ਼ਟੀਕੋਣ** – ਅਜਿਹਾ ਦ੍ਰਿਸ਼ਟੀਕੋਣ ਜੋ ਪੁਰਾਣੇ ਅਤੇ ਨਵੇਂ ਨੇਮ ਵਿਚਾਲੇ ਹੋਣ ਵਾਲੇ ਲਗਾਤਾਰ ਬਦਲਾਵਾਂ ਦਾ ਮੁਲਾਂਕਣ ਕਰਦਾ ਹੈ ਅਤੇ ਇਹ ਸਿੱਟਾ ਕੱਢਦਾ ਹੈ ਕਿ ਜੇਕਰ ਨਵਾਂ ਨੇਮ ਕਿਸੇ ਗੱਲ ਦਾ ਜ਼ਿਕਰ ਨਹੀਂ ਕਰਦਾ ਤਾਂ ਸਾਨੂੰ ਇਸਦਾ ਲਾਗੂਕਰਨ ਕਰਨ ਦੀ ਜਰੂਰਤ ਨਹੀਂ ਹੈ।

**ਕਿਸਮ ਵਰਗੀਕਰਨ** - ਅਜਿਹਾ ਅਧਿਐਨ ਜੋ ਬਾਈਬਲ ਦੇ ਇਤਿਹਾਸ ਵਿੱਚ ਕਿਸੇ ਵਿਅਕਤੀ, ਸੰਸਥਾਨ ਅਤੇ ਘਟਨਾਵਾਂ ਬਾਰੇ ਬਾਦ ਵਾਲੇ ਵਿਅਕਤੀਆਂ, ਸੰਸਥਾਨਾਂ ਅਤੇ ਘਟਨਾਵਾਂ ਨੂੰ ਦਰਸਾਉਂਦਾ ਹੈ।

**ਵਿਸ਼ਵ-ਵਿਆਪੀ ਨੇਮ** – ਇੱਕ ਅਜਿਹੇ ਵਿਅਕਤੀ ਨਾਲ ਬੰਨ੍ਹਿਆ ਹੋਇਆ ਨੇਮ ਜੋ ਪੂਰੀ ਮਨੁੱਖਤਾ ਦੀ ਪ੍ਰਤੀਨਿਧਤਾ ਕਰਦਾ ਹੈ (ਆਦਮ ਅਤੇ ਨੂਹ)।